
# ਸ਼ਹੀਦ
# ਭਾਈ ਮਨੀ ਸਿੰਘ ਜੀ

## ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਰਾਜਪੂਤ ਦੀਵਾਨ



ਕੰਵਰ ਐਮ.ਪੀ. ਸਿੰਘ

# ਸ਼ਹੀਦ
# ਭਾਈ ਮਨੀ ਸਿੰਘ ਜੀ

(ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਰਾਜਪੂਤ ਦੀਵਾਨ)

ਲੇਖਕ :
**ਕੰਵਰ ਐਮ.ਪੀ. ਸਿੰਘ**

ਪ੍ਰਕਾਸ਼ਕ :-
**ਭਾ: ਚਤਰ ਸਿੰਘ ਜੀਵਨ ਸਿੰਘ**
ਅੰਮ੍ਰਿਤਸਰ

© ਲੇਖਕ

ISBN : 978-93-88836-53-1
ਪਹਿਲੀ ਐਡੀਸ਼ਨ ਅਕਤੂਬਰ 2020
ਭੇਟਾ : 250-00

ਪ੍ਰਕਾਸ਼ਕ :-
ਭਾ. ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 5011003, 2542346
E-mail : csjssales@hotmail.com
: csjspurchase@yahoo.com
Visit our Website : www.csjs.com
Follow us on:
www.facebook.com/csjsamritsar

(Printed and bound in India)

ਪ੍ਰਿੰਟਰ : ਸੀ.ਜੇ. ਪ੍ਰਿੰਟਰਜ਼, ਅੰਮ੍ਰਿਤਸਰ।

# ਪੇਸ਼ਕਾਰੀ

ਇਹ ਪੁਸਤਕ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਜੀਵਨੀ ਹੈ, ਜੋ ਮੁੱਖ ਤੌਰ ਉੱਤੇ ''ਸ਼ਹੀਦ ਬਿਲਾਸ ਭਾਈ ਮਨੀ ਸਿੰਘ'' ਨਾਮ ਦੇ ''ਮਹਾਂਕਾਵਿ'' ਦੇ ਅਧਾਰ ਤੇ ਲਿਖੀ ਗਈ ਹੈ। ਇਹ ਮਹਾਂਕਾਵਿ, ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਸਿੱਖ ਰਾਜਪੂਤਾਂ ਦੇ ਰਾਏ ਭੱਟਾਂ ਨੇ ਖਾਲਸਾ ਰਾਜ ਸਮੇਂ ਲਿਖਿਆ ਸੀ। ਇਹ ਮਹਾਂਕਾਵਿ, ਪੰਡਿਤ ਭੱਟ ਸੇਵਾ ਸਿੰਘ ਜੀ ਦੁਆਰਾ ਰਾਜਾ ਅਜੀਤ ਸਿੰਘ ਲਾਡਵਾ ਡੱਲੇਵਾਲੀਆ ਦੇ ਆਦੇਸ਼ਾਂ ਤੇ ਲਿਖਿਆ ਗਿਆ ਸੀ, ਜੋ ਇੱਕ ਸਾਂਸੀਆਨਾ ਰਾਠੌਰ ਰਾਜਪੂਤ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਚਚੇਰੇ ਭਰਾ ਸਨ। ਰਾਜਾ ਅਜੀਤ ਸਿੰਘ ਜੀ ਲਾਡਵਾ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਜੀਵਨ ਉੱਤੇ ਇਸ ਮਹਾਂਕਾਵਿ ਨੂੰ ਲਿਖਣ ਲਈ ਪੰਡਿਤ ਭੱਟ ਸੇਵਾ ਸਿੰਘ ਜੀ ਨੂੰ ਜਗੀਰ ਵਿੱਚ ਇੱਕ ਪਿੰਡ ਦਾਨ ਦਿੱਤਾ ਸੀ। ਇਹ ਪਿੰਡ ਡੱਲੇਵਾਲੀਆ ਸਰਦਾਰਾਂ ਦੇ ਪਤਨ ਤਕ, ਰਾਏ ਭੱਟਾਂ ਦੇ ਕਾਬੂ ਹੇਠ ਰਿਹਾ। ਭੱਟਾਂ ਦੇ ਅਨੁਸਾਰ ਉਨ੍ਹਾਂ ਕੋਲ ਇਸ ਜਾਗੀਰ ਵਿੱਚ ਘੋੜਿਆਂ ਲਈ ਇੱਕ ਵੱਡਾ ਸਟੱਡ ਫਾਰਮ ਸੀ, ਜਿਸ ਨੂੰ ਬਾਅਦ ਵਿੱਚ ਅੰਗਰੇਜ਼ਾਂ ਨੇ ਕਬਜ਼ੇ ਵਿੱਚ ਲੈ ਲਿਆ।

ਰਾਜਪੂਤ ਸਿੱਖਾਂ ਦੇ ਰਾਏ ਭੱਟ ਸਿਧਾਂਤਕ ਪੱਖੋਂ ਬਹੁਤ ਉੱਚੇ ਸਨ। ਉਹਨਾਂ ਨੇ ਆਪਣੇ ਰਾਜਪੂਤ ਸਿੱਖ ਜਜਮਾਨਾਂ ਤੋਂ ਇਲਾਵਾ ਕਿਸੇ ਹੋਰ ਕੋਲੋਂ ਕਦੇ ਕੋਈ ਤੋਹਫ਼ਾ ਜਾਂ ਗ੍ਰਾਂਟ ਸਵੀਕਾਰ ਨਹੀਂ ਕੀਤਾ, ਚਾਹੇ ਕਿਸੇ ਦੀ ਕਿੰਨੀ ਵੀ ਰਕਮ ਦੇਣ ਦੀ ਇੱਛਾ ਹੋਵੇ। ਰਾਜਪੂਤ ਸਿੱਖਾਂ ਦੇ ਰਾਏ ਭੱਟਾਂ ਦੇ ਇਸ ਸਿਧਾਂਤਕ ਕਾਰਜ ਨੇ ਅੱਜ ਤਕ ਰਾਜਪੂਤ ਸਿੱਖਾਂ ਵਿੱਚ ਖ਼ੂਨ ਦੀ ਸ਼ੁੱਧਤਾ ਬਣਾਈ ਰੱਖੀ ਹੈ।

ਇਹ ਭੱਟ ਬਹੁਤ ਵਿਦਵਾਨ ਬ੍ਰਾਹਮਣ ਸਨ ਜੋ ਰਾਜਪੂਤ ਰਾਜਿਆਂ ਦੇ ਦਰਬਾਰੀ ਕਵੀ ਅਤੇ ਸਲਾਹਕਾਰ ਸਨ। ਰਾਜਪੂਤ ਸਿੱਖਾਂ ਦੇ ਰਾਏ ਭੱਟਾਂ ਨੇ ਆਪਣਾ ਵੰਸ਼ ਉਜੈਨ ਦੇ ਪ੍ਰਸਿੱਧ ਸਮਰਾਟ ਵੀਰ ਵਿਕਰਮਾਦਿੱਤਿਆ ਜੀ ਪੰਵਾਰ ਦੇ ਦਰਬਾਰ ਵਿੱਚ ਨਵਰਤਨਾਂ ਵਿੱਚੋਂ ਇੱਕ ਕਵੀ ਵੇਤਲ ਭੱਟ ਜੀ ਤੋਂ ਦਰਜ ਕੀਤਾ ਹੈ। ਰਾਜਕਵੀ ਵੇਤਲ ਭੱਟ ਦੀਆਂ ਪੀੜੀਆਂ ਵਿੱਚੋਂ ਭੱਟਾਂ ਨੇ ਆਪਣਾ ਵੰਸ਼ ਪੰਡਿਤ ਭਾਗੀਰਥ ਭੱਟ ਜੀ ਤੋਂ ਦਰਜ ਕੀਤਾ ਹੈ ਜੋ ਧਾਰ ਵਿੱਚ ਮਹਾਰਾਜਾ ਭੋਜਦੇਵ ਜੀ ਪੰਵਾਰ ਦੇ ਦਰਬਾਰੀ ਰਾਜਕਵੀ ਸਨ।

ਰਾਜਪੂਤ ਰਾਜਿਆਂ ਦੀ ਉਪਮਾਂ ਵਿੱਚ ਉਨ੍ਹਾਂ ਦੇ ਰਾਏ ਭੱਟਾਂ ਦੁਆਰਾ ਮਹਾਂਕਾਵਿ ਨੂੰ ਲਿਖਣਾ ਆਮ ਵਰਤਾਰਾ ਸੀ। ਬਹੁਤੀ ਵਾਰ ਇਨ੍ਹਾਂ ਕਵੀਸਾਂ ਦਾ ਨਾਮ ਵਿਲਾਸ ਜਾਂ ਬਿਲਾਸ

ਰੱਖਿਆ ਜਾਂਦਾ ਸੀ। ਜਿਵੇਂ ਕਿ ਰਾਜਪੂਤਾਨਾ ਦੀ ਬੀਕਾਨੇਰ ਰਿਆਸਤ ਦੇ ਰਾਜਾ ਦਲਪਤ ਸਿੰਘ ਜੀ ਰਾਠੌਰ ਦੇ ਜੀਵਨ ਤੇ ਲਿਖਿਆ ਗਿਆ 'ਦਲਪਤ ਵਿਲਾਸ', ਜੋ ਸੋਲਵੀਂ ਸਦੀ ਵਿੱਚ ਲਿਖਿਆ ਗਿਆ ਸੀ। ਸ਼ਹੀਦ ਬਿਲਾਸ ਭਾਈ ਮਨੀ ਸਿੰਘ ਵੀ ਰਵਾਇਤੀ ਰਾਜਪੂਤ ਦਰਬਾਰੀ ਕਾਵਿ ਰੂਪ ਵਿੱਚ ਹੀ ਲਿਖਿਆ ਹੋਇਆ ਹੈ।

ਸ਼ਹੀਦ ਭਾਈ ਮਨੀ ਸਿੰਘ ਜੀ ਸਿੱਖ ਇਤਿਹਾਸ ਦੀ ਇੱਕ ਬਹੁਤ ਹੀ ਸਤਿਕਾਰਤ ਸ਼ਖਸੀਅਤ ਹਨ। ਉਹ ਅਲੀਪੁਰ ਰਿਆਸਤ ਦੇ ਪੰਵਾਰ ਰਾਜਪੂਤ ਰਾਜਕੁੰਵਰ ਸਨ। ਖ਼ਾਲਸੇ ਰਾਜ ਸਮੇਂ ਲਿਖੇ ਗ੍ਰੰਥਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਭਾਈ ਮਨੀ ਸਿੰਘ ਜੀ ਪੰਜਾਬ ਵਿੱਚ ਰਾਜ ਕਰਨ ਵਾਲੇ ਖ਼ਾਲਸਾਈ ਸਿੱਖਾਂ ਵਿੱਚ ਇੱਕ ਬਹੁਤ ਵੱਡੀ ਹਸਤੀ ਸਨ।

ਇਸ ਪੁਸਤਕ ਵਿੱਚ ਕਵੀ ਚੂੜਾਮਣੀ ਸੰਤੋਖ ਸਿੰਘ ਜੀ ਦੁਆਰਾ ਲਿਖੇ ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ, ਭੱਟ ਵਹੀਆਂ ਅਤੇ ਹੋਰ ਸਮਕਾਲੀਨ ਪੁਰਾਤਨ ਗ੍ਰੰਥਾਂ ਵਿੱਚੋਂ ਭਰੋਸੇਮੰਦ ਹਵਾਲੇ ਵੀ ਲਏ ਗਏ ਹਨ। ਇਹ ਸਾਰੀਆਂ ਪ੍ਰਮਾਣਿਕ ਸਿੱਖ ਇਤਿਹਾਸ ਦੀਆਂ ਕਿਤਾਬਾਂ ਖ਼ਾਲਸੇ ਦੇ ਪੰਜਾਬ ਵਿੱਚ ਰਾਜ ਖੁੱਸ ਜਾਣ ਤੋਂ ਪਹਿਲਾਂ ਲਿਖੀਆਂ ਜਾ ਚੁੱਕੀਆਂ ਸਨ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਅਤੇ ਖਾਲਸੇ ਸਾਮਰਾਜ ਦੇ ਰਾਜਿਆਂ ਦੇ ਦਰਬਾਰੀਆਂ ਦੁਆਰਾ ਲਿਖਾਈਆਂ ਗਈਆਂ ਪ੍ਰਮਾਣਿਤ ਪੁਸਤਕਾਂ ਹਨ।

ਭਾਈ ਮਨੀ ਸਿੰਘ ਜੀ ਖਾਲਸੇ ਰਾਜ ਵਿੱਚ ਇੱਕ ਬਹੁਤ ਹੀ ਸਤਿਕਾਰਯੋਗ ਸ਼ਖਸੀਅਤ ਸਨ। ਇਸ ਗੱਲ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ, ਆਪਣੀ ਸੁੰਦਰਤਾ ਲਈ ਜਗਤ ਪ੍ਰਸਿੱਧ ਮਰੀਅਮ-ਉਜ-ਜ਼ਮਾਨੀ ਮਸਜਿਦ ਦੇ ਹਿੱਸੇ ਬਦਲ ਕੇ ਭਾਈ ਮਨੀ ਸਿੰਘ ਜੀ ਦੇ ਨਾਮ ਗੁਰਦੁਆਰਾ ਬਣਾਇਆ ਸੀ। ਇਸ ਗੁਰਦੁਆਰੇ ਦਾ ਨਾਮ ਸ਼ਹੀਦ ਗੰਜ ਭਾਈ ਮਨੀ ਸਿੰਘ ਜੀ ਰੱਖਿਆ ਗਿਆ। ਮਰੀਅਮ-ਉਜ਼-ਜ਼ਮਾਨੀ ਮਸਜਿਦ (ਬੇਗਮ ਸ਼ਾਹੀ ਮਸਜਿਦ) ਮੁਗ਼ਲ ਸ਼ਾਹੀ ਪਰਿਵਾਰ ਦੇ ਸਦਸਾਂ ਲਈ, ਲਾਹੌਰ ਦੇ ਕਿਲ੍ਹੇ ਵਿੱਚ ਰਹਿਣ ਵਕਤ ਇਬਾਦਤ ਦਾ ਸਥਾਨ ਹੁੰਦੀ ਸੀ। ਇਸ ਲਈ ਬਹੁਤ ਸੰਭਾਵਨਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦਾ ਖਾਲਸਾ ਰਾਜ ਪਰਿਵਾਰ ਆਪਣੀ ਪੂਜਾ ਲਈ ਇਸ ਜਗ੍ਹਾ ਦੀ ਵਰਤੋਂ ਕਰਦਾ ਸੀ ਅਤੇ ਇਸ ਨੂੰ ਸ਼ਹੀਦ ਗੰਜ ਭਾਈ ਮਨੀ ਸਿੰਘ ਜੀ ਨਾਮ ਦੇ ਇੱਕ ਗੁਰਦੁਆਰੇ ਵਿੱਚ ਬਦਲ ਦਿੱਤਾ ਸੀ। ਇਹ ਵੀ ਵਰਣਨਯੋਗ ਹੈ ਕਿ ਇਹ ਗੁਰਦੁਆਰਾ ਸ਼ਹੀਦ ਗੰਜ ਭਾਈ ਮਨੀ ਸਿੰਘ, ਲਾਹੌਰ ਦੇ ਕਿਲ੍ਹੇ ਦੇ ਪ੍ਰਵੇਸ਼ ਦਵਾਰ ਤੋਂ ਕੁਝ ਗਜ਼ ਦੀ ਦੂਰੀ 'ਤੇ ਹੀ ਹੈ ਅਤੇ ਲਾਹੌਰ ਦੇ ਕਿਲ੍ਹੇ ਤੋਂ, ਸਭ ਤੋਂ ਨਜ਼ਦੀਕ ਦਾ ਇਤਿਹਾਸਕ ਗੁਰਦੁਆਰਾ ਹੈ।

ਅਸਲ ਖਾਲਸੇ ਦਾ ਇਤਿਹਾਸ 1845 ਤੋਂ ਪਹਿਲਾਂ ਲਿਖੀਆਂ ਕਿਤਾਬਾਂ ਅਤੇ ਗ੍ਰੰਥਾਂ ਵਿੱਚ ਹੀ ਮਿਲਦਾ ਹੈ। 1849 ਤੋਂ ਬਾਅਦ ਖ਼ਾਲਸੇ ਨੇ ਪੰਜਾਬ ਉੱਤੇ ਆਪਣਾ ਕਬਜ਼ਾ ਗੁਆ

ਲਿਆ ਅਤੇ ਅੰਗ੍ਰੇਜ਼ਾਂ ਨੇ ਖਾਲਸੇ ਦਾ ਇਤਿਹਾਸ ਬਹੁਤ ਤੋੜਿਆ ਮਰੋੜਿਆ। ਪਰ ਸ਼ੁਕਰ ਹੈ ਕਿ ਅਕਾਲੀ ਨਿਹੰਗਾਂ ਨੇ ਅੱਜ ਤੱਕ ਖਾਲਸੇ ਦੇ ਤੱਤ ਅਤੇ ਉਨ੍ਹਾਂ ਦੇ ਰਿਵਾਜਾਂ ਨੂੰ ਸੁਰੱਖਿਅਤ ਰੱਖਿਆ ਹੈ ਅਤੇ ਪੁਰਾਤਨ ਖਾਲਸਾਈ ਗ੍ਰੰਥਾਂ ਵਿੱਚ ਖਾਲਸੇ ਦਾ ਅਸਲ ਇਤਿਹਾਸ ਅਜੇ ਤੱਕ ਸੁਰੱਖਿਅਤ ਪਿਆ ਹੈ।

ਇਸ ਲਈ, ਇਹ ਪੁਸਤਕ ਖ਼ਾਲਸੇ ਸਾਮਰਾਜ ਦੇ ਰਾਜਿਆਂ ਦੀ ਨਿਗਰਾਨੀ ਹੇਠ ੧੮੪੫ ਤੋਂ ਪਹਿਲਾਂ ਲਿਖੀਆਂ ਗਈਆਂ ਸਿੱਖ ਇਤਿਹਾਸ ਦੀਆਂ ਕਿਤਾਬਾਂ ਉੱਤੇ ਅਧਾਰਿਤ ਅਸਲ ਖਾਲਸੇ ਦੇ ਇਤਿਹਾਸ ਉੱਤੇ ਨਿਰਭਰ ਹੈ।

ਪਾਠਕ ਦਾ ਵੀ ਫਰਜ਼ ਬਣਦਾ ਹੈ ਕਿ ਉਹ ਖ਼ਾਲਸੇ ਦੇ ਬਹਾਦਰ ਯੋਧਿਆਂ ਦੇ ਨਿਰੋਲ ਇਤਿਹਾਸ ਦੀ ਹਮਾਇਤ ਕਰੇ ਅਤੇ 1845 ਤੋਂ ਬਾਅਦ ਦੇ ਬ੍ਰਿਟਿਸ਼ ਰੋਜ਼ਗਾਰ ਲੇਖਕਾਂ ਦੁਆਰਾ ਇਸ ਨੂੰ ਭ੍ਰਿਸ਼ਟਾਚਾਰ ਤੋਂ ਬਚਾਵੇ।

ਧੰਨਵਾਦ

ਕੰਵਰ ਐਮ. ਪੀ. ਸਿੰਘ

# ਤਤਕਰਾ


1. ਬ੍ਰਿਟਿਸ਼ ਭਾਰਤ ਦੀ ਮਰਦਮਸ਼ੁਮਾਰੀ ਦੇ ਅਨੁਸਾਰ ਪੰਜਾਬ ਦੀ ਪੰਵਾਰ ਰਾਜਪੂਤ ਆਬਾਦੀ 11
2. ਸ਼ਹੀਦ ਭਾਈ ਮਨੀ ਸਿੰਘ ਜੀ ਦਾ ਪਰਿਵਾਰਕ ਵੰਸ਼ 14
3. ਰਾਜਾ ਅਜੀਤ ਸਿੰਘ ਲਾਡਵਾ ਡੱਲੇਵਾਲੀਆ ਦਾ ਪਰਿਵਾਰਕ ਵੰਸ਼, (ਜਿਨਾਂ ਦੇ ਆਦੇਸ਼ਾਂ ਹੇਠ ਭੱਟਾਂ ਨੇ ਇਸ ਮਹਾਂਕਾਵਿ ਦੀ ਰਚਨਾ ਕੀਤੀ) 33
4. ਭਾਈ ਮਨੀ ਸਿੰਘ ਜੀ ਦਾ ਜਨਮ 71
5. ਅਲੀਪੁਰ ਰਾਜ ਤੋਂ ਅਨੰਦਪੁਰ ਦੇ ਕਿਲ੍ਹਿਆ ਤੱਕ 73
6. ਭਾਈ ਮਨੀ ਸਿੰਘ ਜੀ ਦਾ ਵਿਆਹ 75
7. ਗੁਰੂ ਤੇਗ ਬਹਾਦਰ ਜੀ ਦੇ ਨਾਲ 78
8. ਗੁਰੂ ਗੋਬਿੰਦ ਸਿੰਘ ਜੀ ਦੇ ਨਾਲ 81
9. ਦੇਹਰਾਦੂਨ ਦੀ ਲੜਾਈ 83
10. ਭੰਗਾਣੀ ਦੀ ਲੜਾਈ 85
11. ਨਦੌਨ ਦੀ ਲੜਾਈ 88
12. ਖਾਲਸੇ ਦੀ ਸਾਜਨਾ 91
13. ਔਰੰਗਜ਼ੇਬ ਵੱਲੋਂ ਕਾਨੂੰਨਾਂ ਦੀ ਸਖ਼ਤਾਈ 95
14. ਆਨੰਦਪੁਰ ਵਿਖੇ ਲੋਹਗੜ੍ਹ ਕਿਲ੍ਹੇ ਦੀ ਲੜਾਈ 98
15. ਭਾਈ ਮਨੀ ਸਿੰਘ ਜੀ ਦੀ ਕਮਾਨ ਹੇਠ ਅੰਮ੍ਰਿਤਸਰ ਸਾਹਿਬ ਮੁੜ ਫ਼ਤਹਿ 101

16. ਮੀਣਿਆਂ ਨਾਲ ਅੰਮ੍ਰਿਤਸਰ ਵਿਖੇ ਲੜਾਈ 106

17. ਲਾਹੌਰ ਦੇ ਸੂਬੇਦਾਰ ਅਸਲਮ ਖ਼ਾਨ ਦੀਆਂ
ਫ਼ੌਜਾਂ ਨਾਲ ਲੜਾਈ 108

18. ਖਾਲਸੇ ਦੀ ਸ਼ਕਤੀ ਦਾ ਘਟਨਾ 112

19. 1733 ਦੀ ਦੀਵਾਲੀ 115

20. ਦੀਵਾਨ ਮਨੀ ਸਿੰਘ ਜੀ ਨੂੰ ਸੂਬੇਦਾਰ ਲਾਹੌਰ ਦੁਆਰਾ
ਬੰਦੀ ਬਣਾਏ ਜਾਣਾ 120

21. ਸ਼ਹਾਦਤ 123

22. ਦੀਵਾਨ ਮਨੀ ਸਿੰਘ ਜੀ ਸ਼ਹੀਦ ਦਾ ਸਾਹਿਤਕ ਯੋਗਦਾਨ 126

23. ਵਿਰਾਸਤ 128

REFERENCES (ਹਵਾਲੇ) 133


❒

# ਅਧਿਆਇ 1

# ਬ੍ਰਿਟਿਸ਼ ਭਾਰਤ ਦੀ ਮਰਦਮਸ਼ੁਮਾਰੀ ਦੇ ਅਨੁਸਾਰ ਪੰਜਾਬ ਦੀ ਪੰਵਾਰ ਰਾਜਪੂਤ ਆਬਾਦੀ

1947 ਤੋਂ ਪਹਿਲਾਂ ਬ੍ਰਿਟਿਸ਼ ਭਾਰਤ ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਸੰਯੁਕਤ ਪੰਜਾਬ ਰਾਜ ਵਿੱਚ ਪੰਵਾਰ/ਪੁਆਰ/ਪਰਮਾਰ ਰਾਜਪੂਤਾਂ ਦੀ ਕੁੱਲ 65,990 ਆਬਾਦੀ ਸੀ। 1901 ਦੀ ਮਰਦਮਸ਼ੁਮਾਰੀ ਅਨੁਸਾਰ ਸੰਯੁਕਤ ਪੰਜਾਬ ਵਿੱਚ 55,067 ਮੁਸਲਿਮ ਪੰਵਾਰ ਰਾਜਪੂਤ, 9,309 ਹਿੰਦੂ ਪੰਵਾਰ ਰਾਜਪੂਤ ਅਤੇ 1614 ਸਿੱਖ ਪੰਵਾਰ ਰਾਜਪੂਤ ਸਨ। ਇਹ ਅੰਕੜੇ ਹੇਠ ਦਿੱਤੇ ਅਨੁਸਾਰ ਹਨ—

| District / States | Muslim | Hindu | Sikh | Total |
|---|---|---|---|---|
| Rohtak | 13,931 | 2,785 | | 16,716 |
| Bahawalpur State | 9,845 | 348 | 223 | 10,416 |
| Hissar | 6,165 | 1,240 | | 7,405 |
| Firuzpur | 5,453 | 157 | 69 | 5,679 |
| Multan | 5,445 | 221 | | 5,666 |
| Jind State | 769 | 2,839 | | 3,608 |

| | | | | |
|---|---|---|---|---|
| Karnal | 2,009 | 288 | 11 | 2,308 |
| Patiala State | 1,353 | 180 | 157 | 1,690 |
| Montgomery | 1,451 | 24 | | 1,475 |
| Ludhiana | 1,392 | | 63 | 1,455 |
| Lahore | 1,212 | 23 | 220 | 1,455 |
| Gurgaon | 920 | 355 | | 1,275 |
| Muzaffargarh | 695 | 62 | 100 | 857 |
| Dera Ghazi Khan | 849 | | | 849 |
| Jhelum | 649 | | | 649 |
| Chenab Colony | 295 | 29 | 205 | 529 |
| Jalandhar | 425 | 18 | | 443 |
| Mianwali | 426 | | | 426 |
| Dehli | 135 | 272 | | 407 |
| Gujranwala | 16 | | 380 | 396 |
| Sialkot | 278 | | 74 | 352 |
| Ambala | 242 | 57 | | 299 |
| Rawalpindi | 157 | | | 157 |
| Dujana State | 104 | 40 | | 144 |
| Shahpur | 48 | | 83 | 131 |
| Gurdaspur | 127 | | | 127 |
| Gujrat | 111 | | | 111 |
| Hoshiarpur | 108 | | | 108 |
| Other Districts | | | | |
| Total | 55,067 | 9,309 | 1,614 | 65,990 |

ਮੁੱਖ ਤੌਰ ਤੇ ਲਾਹੌਰ ਅਤੇ ਮਾਝੇ ਇਲਾਕੇ ਦੇ ਬਹੁਤੇ ਸਿੱਖ ਪੰਵਾਰ ਰਾਜਪੂਤ ਸ਼ਹੀਦ ਭਾਈ ਮਨੀ ਸਿੰਘ ਜੀ, ਉਨ੍ਹਾਂ ਦੇ ਪੁੱਤਰਾਂ, ਬਾਜ ਸਿੰਘ ਬਾਜ ਬਹਾਦਰ, ਰਾਜਾ ਰਾਮ ਸਿੰਘ ਪੰਵਾਰ ਅਤੇ ਮਹਾਰਾਜਾ ਜੈ ਸਿੰਘ ਕਨ੍ਹਈਆ ਦੇ ਪਰਿਵਾਰਾਂ ਨਾਲ ਸੰਬੰਧਤ ਹਨ। ਇਨ੍ਹਾਂ ਤੋਂ ਇਲਾਵਾ ਜਲੰਧਰ ਦੁਆਬ ਵਿੱਚ ਸਿੱਖ ਪਰਮਾਰ ਰਾਜਪੂਤਾਂ ਦੇ ਕਈ ਪਿੰਡ ਹਨ, ਜਿਨ੍ਹਾਂ ਦਾ ਪਰਿਵਾਰਕ ਪਿਛੋਕੜ ਰਾਉ ਬਲਰਾਮ ਜੀ ਪਰਮਾਰ ਤੋਂ ਹੈ। ਰਾਉ ਬਲਰਾਮ ਜੀ ਪਰਮਾਰ ਦਾ ਸੰਬੰਧ ਰਾਉ ਬੱਲੂਰਾਇ ਜੀ ਪਰਮਾਰ ਨਾਲ ਹੈ ਜਾਂ ਨਹੀਂ ਇਹ ਸ਼ੋਧ ਦਾ ਵਿਸ਼ਾ ਹੈ।

❒

* ਇਸ ਜਨਗਣਨਾ ਵਿੱਚ ਬੰਗਿਆਲ, ਹੋਨ, ਸੋਹਲਨ, ਨਰਮਾ, ਦੁਦੀ, ਮੇਕਨ ਅਤੇ ਟਿਵਾਣਾ; ਜਿਹੇ ਕਬੀਲਿਆਂ ਨੂੰ ਬਾਹਰ ਰੱਖਿਆ ਗਿਆ ਜੋ ਪੰਵਾਰ ਰਾਜਪੂਤਾਂ ਵਿੱਚੋਂ ਆਉਣ ਦਾ ਦਾਅਵਾ ਕਰਦੇ ਹਨ। ਉਹ ਹੁਣ ਮੂਲ ਗੋਤ ਨਾਲੋਂ ਬਿਲਕੁਲ ਵੱਖਰੇ ਹਨ, ਅਤੇ ਇਨ੍ਹਾਂ ਨੂੰ ਮਰਦਮਸ਼ੁਮਾਰੀ ਵਿੱਚ ਵੱਖਰੇ ਭਾਗਾਂ ਨਾਲ ਦਰਜ ਕੀਤਾ ਗਿਆ ਹੈ।

*ਇਸ ਲਈ ਮਰਦਮਸ਼ੁਮਾਰੀ ਸਿਰਫ ਖ਼ਾਲਸ ਪੁਆਰ, ਪੰਵਾਰ, ਪਰਮਾਰ ਰਾਜਪੂਤਾਂ ਨੂੰ ਹੀ ਦਰਜ ਕਰਦੀ ਹੈ ਜੋ ਸਿੱਖਾਂ, ਮੁਲਸਮਾਨਾਂ ਅਤੇ ਹਿੰਦੂਆਂ ਵਿੱਚ ਵੰਡੇ ਹੋਏ ਹਨ।

### ਅਧਿਆਇ 2

# ਸ਼ਹੀਦ ਭਾਈ ਮਨੀ ਸਿੰਘ ਜੀ ਦਾ ਪਰਿਵਾਰਕ ਵੰਸ਼

ਪੁਰਿ ਮੁਲਤਾਨ ਅਲੀਪੁਰ ਨੇਰੇ,
ਮਾਈ ਦਾਸ ਰਾਜਪੂਤ ਬਸੇਰੇ,
ਤਿਨ ਕੇ ਮਨੀ ਰਾਮ ਸੁਤ ਹੋਯੋ
ਆਇ ਤਹਾਂ ਗੁਰ ਦਰਸ਼ਨ ਜੋਯੋ

—ਕਵੀ ਚੂੜਾਮਣੀ ਸੰਤੋਖ ਸਿੰਘ, ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ,
ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਲਿਖਿਆ ਗਿਆ।

ਨਿਕਟ ਮੁਲਤਾਨ ਅਲੀਪੁਰ ਜੋਊ, ਰਹਨੇ ਹਾਰ ਤਹਾਂ ਕਾ ਸੋਊ,
ਇਨ ਕੇ ਵਡੇ ਵਡੇਰੇ ਸਾਰੇ, ਥੇ ਆਦੀ ਸਿੱਖ ਗੁਰ ਕੇ ਭਾਰੇ,
ਬੱਲੂ ਰਾਉ* ਇੱਕ ਬੀਰ ਬਹਾਦਰ, ਰਹਿਯੋ ਖਸ਼ਟਮ ਗੁਰ ਕੇ ਸਾਦਰ,
ਹੋਇ ਅਗਰ ਮਾਰੇ ਤੁਰਕੇਰੀ, ਸਾਂਗ ਹੁਤੋ ਕਰ ਦ੍ਵਾਦਸ ਸੇਰੀ,
ਹੁਤੋ ਬਲੰਦ ਬਾਹੁਬਲਿ ਭਾਰੀ, ਉਦੇ ਦੀਪ ਕੇ ਬੰਸ ਮਝਾਰੀ,
ਬੱਲੂ ਕਾ ਸੁਤ ਮਾਈਦਾਸ, ਹਿਯੇ ਗੁਰ ਦਰਸਨ ਜਿਹ ਪਯਾਸ,
ਗੁਰ ਆਗੇ ਰਹਿ ਸੇਵ ਕਮਾਵੈ, ਰਾਊ ਬੱਲੂ ਕਾ ਨਾਮ ਚੜ੍ਹਾਵੈ॥

—ਪੰਡਿਤ ਭੱਟ ਸੇਵਾ ਸਿੰਘ ਜੀ, 1630

**ਅਲੀਪੁਰ ਰਾਜ** - ਅਲੀਪੁਰ ਇੱਕ ਰਾਜਪੂਤ ਰਿਆਸਤ ਸੀ, ਜਿਸ ਦੀ ਸਥਾਪਨਾ 1520 ਵਿੱਚ ਰਾਜਾ ਰਾਊ ਜੀ ਪੰਵਾਰ ਦੁਆਰਾ ਕੀਤੀ ਗਈ ਸੀ। ਅਜੋਕੇ ਸਮੇਂ ਵਿੱਚ ਅਲੀਪੁਰ ਮੁਲਤਾਨ ਦੀ ਇੱਕ ਬਹੁਤ ਵੱਡੀ ਤਹਿਸੀਲ ਹੈ ਜਿਸ ਦੀ ਲਗਭਗ 6 ਲੱਖ ਆਬਾਦੀ ਹੈ। ਇਸ ਲਈ ਇਹ ਕਪੂਰਥਲਾ ਰਿਆਸਤ ਦੇ ਅਕਾਰ ਦੇ ਲਗਭਗ ਦਾ ਇੱਕ ਸ਼ਕਤੀਸ਼ਾਲੀ ਰਾਜਪੂਤ ਰਾਜ ਸੀ। ਰਾਜਾ ਰਾਊ ਜੀ ਪੰਵਾਰ ਤੋਂ ਬਾਅਦ, ਉਨ੍ਹਾਂ ਦੇ ਪੁੱਤਰ ਰਾਜਾ ਰਾਉ ਮੂਲ ਚੰਦ ਦੀ ਪੰਵਾਰ ਅਲੀਪੁਰ ਰਾਜ ਦੀ ਗੱਦੀ ਤੇ ਬੈਠੇ। ਰਾਜਾ ਰਾਉ ਮੂਲ

* 'ਰਾਉ' ਦਾ ਸ਼ਬਦੀ ਅਰਥ ਹੁੰਦਾ ਹੈ ਰਾਜਾ।

ਚੰਦ ਜੀ ਪੰਵਾਰ ਤੋਂ ਬਾਅਦ ਰਾਜਾ ਰਾਉ ਬੱਲੂ ਰਾਏ ਜੀ ਪੰਵਾਰ ਨੂੰ ਅਲੀਪੁਰ ਰਿਆਸਤ ਦੀ 'ਠਾਕੁਰਾਈ' ਮਿਲੀ, ਜਿਵੇਂ ਕਿ ਰਾਜਪੂਤ ਸਿੱਖਾਂ ਦੇ ਰਾਏ ਭੱਟਾਂ ਦੇ ਪੁਰਾਤਨ ਇੰਦਰਾਜਾਂ ਅਨੁਸਾਰ ਇਹ ਕਥਨ ਮਿਲਦਾ ਹੈ। ਉਨ੍ਹਾਂ ਦਿਨਾਂ ਵਿੱਚ ਰਾਜਪੂਤ ਰਾਜਾਂ ਨੂੰ 'ਠਾਕੁਰਾਈ' ਕਿਹਾ ਜਾਂਦਾ ਸੀ ਅਤੇ ਉਨ੍ਹਾਂ ਦੇ ਰਾਜਿਆਂ ਨੂੰ 'ਠਾਕੁਰ' ਕਿਹਾ ਜਾਂਦਾ ਸੀ।

**'ਖੰਡੋ ਖੰਡ ਪਛੌੜ ਏ ਧਰਤੀ ਤੇ ਅਸਮਾਨ,**
**ਚੰਦਰਵੰਸ਼ੀ ਰਾਊ, ਰਾਊ ਦਾ ਪੋਤਾ ਬੱਲੂ, ਤੈਨੇ ਜਾਨੇ ਸਕਲ ਜਹਾਨ,**
**ਕਲਿਜੁਗ ਮੇਂ *ਠਾਕੁਰਾਈ* ਪਾਈ, ਤੁਮ ਬਡੋ ਸਮ ਪਾਇਆ ਸਨਮਾਨ,**
**ਤੇਰੇ ਨਾਮ ਥੀਂ ਚੁਗੱਤਾ ਕਾਂਪੇ, ਕਾਂਪੇ ਕਾਬਲ ਹਿੰਦੁਸਤਾਨ,**
**ਤੁਮ ਗੌਰੀ ਸੈ ਭਾਗ ਸਿਆਨਾ, ਰੰਗ ਮਹਿਲ* ਮੇਂ ਮੌਜਾ ਮਾਨ,**
**ਵਿਕਰਮ ਭੋਜ ਸਮ ਕੀਆ ਤਉ ਸਾਕਾ, ਵਾਂਗ ਭਰਥਰੀ ਯੋਗ ਕਮਾਇਆ ਆਨ,**
**ਦਾਨ ਦੀਆ ਤਉ ਦਾਦੇ ਜਗਦੇਵ ਪੰਵਾਰ ਜੈਸਾ, ਉਦੇ ਦੀਪ ਸਮ ਪਾਇਆ ਗਿਆਨ**

**(ਪੰਡਿਤ ਭੱਟ ਚੋਖਾ ਜੀ 1630 ਈ:)**

ਪੰਡਿਤ ਭੱਟ ਭਿਖਾ ਜੀ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਦੇ ਭਰਾਤਾ ਪੰਡਿਤ ਭੱਟ ਚੋਖਾ ਜੀ ਦੁਆਰਾ 1630 ਈ. ਵਿੱਚ ਲਿਖੀ ਗਈ ਇਸ ਸਦੀਆਂ ਪੁਰਾਣੀ ਪਉੜੀ ਵਿੱਚ ਮਨੀ ਸਿੰਘ ਜੀ ਦੇ ਪਰਿਵਾਰ ਦੇ ਸਾਰੇ ਪ੍ਰਮੁੱਖ ਪੁਰਖਿਆਂ ਦਾ ਨਾਮ ਦਿੱਤਾ ਗਿਆ ਹੈ। ਪਹਿਲਾਂ ਨਾਮ ਸਮਰਾਟ ਵਿਕਰਮਾਦਿੱਤਿਆ ਜੀ ਦਾ ਲਿਖਿਆ ਹੈ, ਜੋ ਕਿ ਪੰਵਾਰ ਰਾਜਪੂਤਾਂ ਵਿੱਚੋਂ ਸਭ ਤੋਂ ਉੱਘੇ ਮਹਾਪੁਰਸ਼ ਮੰਨੇ ਜਾਂਦੇ ਹਨ। ਫਿਰ ਰਾਏ ਭੱਟ ਨੇ ਪੰਵਾਰ ਵੰਸ਼ ਦੇ ਦੂਸਰੇ ਮਹਾਨ ਸਮਰਾਟ,ਮਹਾਰਾਜਾ ਭੋਜ ਜੀ ਬਾਰੇ ਜ਼ਿਕਰ ਕੀਤਾ ਹੈ, ਜਿਨ੍ਹਾਂ ਬਾਰੇ ਇਹ ਕਹਾਵਤ ਮਸ਼ਹੂਰ ਹੈ "ਕਹਾਂ ਰਾਜਾ ਭੋਜ ਕਹਾਂ ਗੰਗੂ ਤੇਲੀ।"

ਮਹਾਰਾਜਾ ਭੋਜ ਤੋਂ ਬਾਅਦ,ਰਾਜਾ ਭਰਥਰੀ ਜੀ ਦਾ ਜ਼ਿਕਰ ਹੈ, ਜੋ ਕਿ ਸਮਰਾਟ ਵਿਕਰਮਾਦਿੱਤਯ ਜੀ ਦੇ ਭਰਾਤਾ ਸਨ। ਰਾਜਾ ਭਰਥਰੀ ਜੀ ਨੇ ਆਪਣਾ ਰਾਜ ਭਾਗ ਇੱਕ ਮਹਾਨ ਯੋਗੀ ਬਣਨ ਲਈ ਤਿਆਗ ਦਿੱਤਾ ਸੀ ਜਿਵੇਂ ਕਿ ਉਪਰੋਕਤ ਆਇਤਾਂ ਵਿੱਚ ਰਾਏ ਭੱਟ ਦੁਆਰਾ ਵੀ ਜ਼ਿਕਰ ਕੀਤਾ ਗਿਆ ਹੈ। ਫਿਰ ਰਾਏ ਭੱਟ ਰਾਜਾ ਜਗਦੇਵ ਪੰਵਾਰ ਜੀ ਦਾ ਨਾਮ ਲੈਂਦੇ ਹਨ,ਜੋ ਇਸ ਪੰਵਾਰ ਵੰਸ਼ ਦੇ ਪ੍ਰਸਿੱਧ ਸ਼ਾਸਕ ਸਨ।

ਪਰੰਪਰਾ ਅਨੁਸਾਰ ਰਾਜਾ ਜਗਦੇਵ ਪੰਵਾਰ ਸਭ ਤੋਂ ਵੱਡੇ ਦਾਨੀ ਮੰਨੇ ਜਾਂਦੇ ਹਨ, ਕਿਉਂਕਿ ਉਨ੍ਹਾਂ ਨੇ ਆਪਣਾ ਸਿਰ ਕੱਟ ਕੇ ਦੇਵੀ ਨੂੰ ਅਰਪਣ ਕਰ ਦਿੱਤਾ ਸੀ। ਫਿਰ ਉਪਰੋਕਤ

* ਰੰਗ ਮਹਿਲ, ਮਹਿਲ ਜਾਂ ਕਿਲ੍ਹੇ ਦਾ ਉਹ ਹਿੱਸਾ ਹੁੰਦਾ ਸੀ ਜਿਸ ਨੂੰ ਰਾਜੇ ਆਪਣੇ ਮਨੋਰੰਜਨ ਲਈ ਵਰਤਦੇ ਸਨ। ਭੱਟਾਂ ਨੇ ਇੱਥੇ ਅਲੀਪੁਰ ਰਿਆਸਤ ਦੇ ਮਹਿਲ ਜਾਂ ਕਿਲ੍ਹੇ ਦੇ ਰੰਗ ਮਹਿਲ ਵੱਲ ਇਸ਼ਾਰਾ ਕੀਤਾ ਹੈ।

ਆਇਤਾਂ ਵਿੱਚ ਸਾਨੂੰ ਮਹਾਰਾਜਾ ਉਦੈਦੀਪ ਜਾਂ ਉਦੈਦਿੱਤਿਆ ਜੀ ਦਾ ਜ਼ਿਕਰ ਮਿਲਦਾ ਹੈ ਜੋ ਇਸ ਪਰਿਵਾਰ ਦੇ ਬਹੁਤ ਵਿਦਵਾਨ ਰਾਜਾ ਮੰਨੇ ਜਾਂਦੇ ਰਹੇ ਹਨ।

ਮਹਾਰਾਜਾ ਉਦੈਦਿੱਤਯ/ਊਦੈਦੀਪ ਬਹੁਤ ਵਿਦਵਾਨ ਰਾਜਾ ਸਨ, ਜੋ ਅਨੇਕ ਕਵੀਆਂ ਅਤੇ ਪੰਡਤਾਂ ਦੇ ਸਰਪ੍ਰਸਤ ਸਨ। ਮਹਾਰਾਜਾ ਉਦੈਦੀਪ ਜਾਂ ਉਦੈਦਿੱਤਿਆ ਜੀ ਪੰਵਾਰ ਬਾਰੇ ਉਦੈਪੁਰ ਪ੍ਰਸ਼ਸਤੀ ਦੇ ਸ਼ਿਲਾਲੇਖਾਂ ਦੁਆਰਾ ਵੀ ਉਨ੍ਹਾਂ ਦੇ ਮਹਾਂਗਿਆਨੀ ਹੋਣ ਦੀ ਗਵਾਹੀ ਮਿਲਦੀ ਹੈ। ਇਸ ਲਈ ਰਾਏ ਭੱਟ ਇਸ ਕਵਿਤਾ ਵਿੱਚ ਮਨੀ ਸਿੰਘ ਜੀ ਦੇ ਪਰਿਵਾਰ ਦੇ ਵਿਸ਼ਾਲ ਇਤਿਹਾਸ ਨੂੰ ਦਰਸਾਉਂਦੇ ਹਨ, ਜੋ ਕਿ ਉਨ੍ਹਾਂ ਨੇ ਬਿਕਰਮੀ ਸੰਮਤ 1686 ਵਿੱਚ ਚੱਕ ਗੁਰੂ (ਅੰਮ੍ਰਿਤਸਰ ਦਾ ਪੁਰਾਣਾ ਨਾਮ) ਵਿੱਚ ਲਿਖਿਆ ਸੀ।

ਉਪਰੋਕਤ ਆਇਤਾਂ ਅਲੀਪੁਰ ਰਿਆਸਤ ਦੇ ਠਾਕੁਰ, ਰਾਜਾ ਰਾਉ ਬੱਲੂ ਰਾਏ ਜੀ ਪੰਵਾਰ, ਦੀ ਉਪਮਾਂ ਵਿੱਚ ਲਿਖੀਆਂ ਗਈਆਂ ਸਨ। ਮਨੀ ਸਿੰਘ ਜੀ ਦਾ ਜਨਮ ਰਾਜਾ ਰਾਉ ਬੱਲੂ ਰਾਏ ਜੀ ਪੰਵਾਰ ਦੇ ਪੋਤੇ ਵਜੋਂ ਹੋਇਆ ਸੀ।

## ਮਨੀ ਸਿੰਘ ਜੀ ਦੇ ਪਰਿਵਾਰ ਦੀ ਵੰਸ਼ਾਵਲੀ

**ਵੰਸ਼** - ਚੰਦਰਵੰਸ਼ੀ, ਬਾਅਦ ਵਿੱਚ ਅਗਨੀਵੰਸ਼ੀ ਵੀ ਕਹਿਲਾਏ

**ਕੁਲ** - ਪੰਵਾਰ (ਪੁਆਰ, ਪੁਵਾਰ ਜਾਂ ਪਰਮਾਰ ਵੀ ਲਿਖਿਆ ਮਿਲਦਾ ਹੈ)

**ਸ਼ਾਖਾ** - ਜਲ੍ਹਾਨੇ ਬਲਾਵਤ ਪੰਵਾਰ ਰਾਜਪੂਤ

**ਰਾਜ** - ਅਲੀਪੁਰ, ਮੁਲਤਾਨ

**ਗੋਤ੍ਰ** - ਭਾਰਦਵਾਜ

**ਕੁਲਦੇਵੀ** - ਹਿੰਗਲਾਜ ਮਾਤਾ, ਹਰਸਿਧੀ

**ਗੱਦੀ** - ਧਾਰ, ਉਜੈਨ

ਆਦ ਜੁਗਾਦੀ (ਅਮਰ ਜੀਵ)

↓

ਬ੍ਰਹਮਾ ਜੀ

↓

ਮਾਰੀਚੀ ਜੀ

↓

ਮਹਾਰਾਜਾ ਚੰਦਰ ਜੀ (ਚੰਦਰਵੰਸ਼ੀ ਰਾਜਪੂਤ)

↓

ਮਹਾਰਾਜਾ ਬੁੱਧ ਜੀ

↓

ਮਹਾਰਾਜਾ ਪੂਰੂਰਵਾ ਜੀ*

↓

ਮਹਾਰਾਜਾ ਆਯੂ ਜੀ

↓

ਮਹਾਰਾਜਾ ਨਾਹੂਸ਼ ਜੀ

↓

ਮਹਾਰਾਜਾ ਯਯਤੀ ਜੀ

↓

ਮਹਾਰਾਜਾ ਪੂਰੂ ਜੀ (ਪੌਰਵ/ਪੂਰੂਵੰਸ਼ੀ ਕਹਿਲਾਏ, ਪੌਰਵ-ਪੂਵਾਰ-ਪੰਵਾਰ)

↓

ਮਹਾਰਾਜਾ ਜਨਮਮੇਜਯਾ ਜੀ

↓

---

*ਮੁਹਨੋਤ ਨੈਨਸੀ ਰੀ ਖਿਆਤ, ੧੬ਵੀਂ ਸਦੀ ਦਾ ਪ੍ਰਮਾਣਿਕ ਦਸਤਾਵੇਜ਼, ਪੰਵਾਰ ਰਾਜਪੂਤਾਂ ਦੀਆਂ ਬਹੁਤ ਸਾਰੀਆਂ ਵੰਸ਼ਾਵਲੀਆਂ ਦਿੰਦਾ ਹੈ। ਮੁਹਨੋਤ ਨੈਨਸੀ ਨੇ ਆਪਣੀ ਖ਼ਿਆਤ ਵਿੱਚ ਦਿੱਤੀਆਂ ਇਹ ਸਾਰੀਆਂ ਵੰਸ਼ਾਵਲੀਆਂ ਚੰਦਰਵੰਸ਼ ਦੇ ਸਭ ਤੋਂ ਪ੍ਰਸਿੱਧ ਸ਼ਾਸਕ, ਸਮਰਾਟ ਪੂਰੂਰਵਾ ਤੋਂ ਪੰਵਾਰ ਰਾਜਪੂਤਾਂ ਦੀ ਸ਼ੁਰੂਆਤ ਦਰਸਾਉਂਦੀਆਂ ਲਿਖੀਆਂ ਹਨ। ਸਮਰਾਟ ਪੂਰੂਰਵਾ ਦਾ ਨਾਮ ਰਿਗਦੇਵ ਵਿੱਚ ਵੀ ਸਭ ਤੋਂ ਵੱਧ ਵਾਰ ਆਉਂਦਾ ਹੈ। ਇਹ ਰਾਜਪੂਤ ਸਿੱਖਾਂ ਦੇ ਰਾਏ ਭੱਟਾਂ ਦੀਆਂ ਖਿਆਤਾਂ ਅਤੇ ਵਹੀਆਂ ਦੇ ਅਨੁਸਾਰ ਵੀ ਸਹੀ ਹੈ, ਜੋ ਪੰਵਾਰ ਰਾਜਪੂਤਾਂ ਨੂੰ ਚੰਦਰਵੰਸ਼ ਵਿੱਚੋਂ ਨਿਰਧਾਰਤ ਕਰਦੇ ਹਨ, ਜਿਨ੍ਹਾਂ ਨੇ ਅਗਨੀਕੁੰਡ ਯੱਗ ਤੋਂ ਬਾਅਦ ਆਪਣੇ ਆਪ ਨੂੰ ਅਗਨੀਵੰਸ਼ੀ ਵੀ ਕਹਿਣਾ ਸ਼ੁਰੂ ਕੀਤਾ ਜਿਸ ਵਿੱਚ ਇਸ ਵੰਸ਼ ਦੇ ਰਾਜਾ ਪਰਮਾਰ ਨੇ ਹਿੱਸਾ ਲਿਆ ਸੀ।

ਮਹਾਰਾਜਾ ਪ੍ਰਚੀਨਵਾਨ ਜੀ

↓

ਮਹਾਰਾਜਾ ਪ੍ਰਵੀਰ ਜੀ

↓

ਮਹਾਰਾਜਾ ਮਨਸਯੂ ਜੀ

↓

ਮਹਾਰਾਜਾ ਰਿਸ਼ੀਯੂ ਜੀ

↓

ਮਹਾਰਾਜਾ ਰੌਉਦ੍ਰਸ਼੍ਵ ਜੀ

↓

ਮਹਾਰਾਜਾ ਮਤਿਨਾਰ ਜੀ

↓

ਮਹਾਰਾਜਾ ਤਨਸੂ ਜੀ

↓

ਮਹਾਰਾਜਾ ਇਲੀਨਾ ਜੀ

↓

ਮਹਾਰਾਜਾ ਦਸ਼ਾਯੰਤ ਜੀ

↓

ਮਹਾਰਾਜਾ ਭਾਰਤ ਜੀ (ਜਿਨਾਂ ਤੋਂ ਇਸ ਦੇਸ਼ ਦਾ ਨਾਮ ਭਾਰਤਵਰਸ਼ ਪਿਆ)

↓

ਮਹਾਰਾਜਾ ਭੂਮਾਨਯੂ ਜੀ

↓

ਮਹਾਰਾਜਾ ਸੁਹੋਤਰ ਜੀ

↓

ਮਹਾਰਾਜਾ ਹਸਤੀ ਜੀ (ਹਸਤੀਨਾਪੁਰ ਦੇ ਸੰਸਥਾਪਕ ਸਨ)

↓

ਮਹਾਰਾਜਾ ਵਿਕੁੰਠ ਜੀ

↓

ਮਹਾਰਾਜਾ ਦੁਸ਼ਯੰਤ ਜੀ

↓

ਮਹਾਰਾਜਾ ਅਜਮੀਧ ਜੀ

↓

ਮਹਾਰਾਜਾ ਨੀਲ ਜੀ

↓

ਮਹਾਰਾਜਾ ਸ਼ਾਂਤੀ ਜੀ

↓

ਮਹਾਰਾਜਾ ਸੁਸ਼ਾਂਤੀ ਜੀ

↓

ਮਹਾਰਾਜਾ ਪੂਰਨਜੈ ਜੀ

↓

ਮਹਾਰਾਜਾ ਚੱਕਸ਼ੂ ਜੀ

↓

ਮਹਾਰਾਜਾ ਮੁੱਦਗਲ ਜੀ

↓

ਮਹਾਰਾਜਾ ਬ੍ਰਹਮਿਸਥ ਜੀ

↓

ਮਹਾਰਾਜਾ ਇੰਦਰਸੇਨ ਜੀ

↓

ਮਹਾਰਾਜਾ ਵਿਦੂਰਥ ਜੀ

↓

ਮਹਾਰਾਜਾ ਦਿਵੋਦਸ ਜੀ

↓

ਮਹਾਰਾਜਾ ਮਿਤ੍ਰਾਯੂ ਜੀ

↓

ਮਹਾਰਾਜਾ ਚਿਆਵਾਨ ਜੀ

↓

ਮਹਾਰਾਜਾ ਸੁਦਾਸ ਜੀ

↓

ਮਹਾਰਾਜਾ ਸਹਿਦੇਵ ਜੀ

↓

ਮਹਾਰਾਜਾ ਸੋਮਕ ਜੀ

↓

ਮਹਾਰਾਜਾ ਰਿਕਸ਼ ਜੀ

↓

ਮਹਾਰਾਜਾ ਸੰਵਰਨ ਜੀ

↓

1. ਵੱਡੇ ਕੁੰਵਰ ਨੇ ਮਗਧ ਵਿੱਚ ਰਾਜ ਨੂੰ ਸਥਾਪਤ ਕੀਤਾ (ਪੌਰਵ)

→ 2. ਕੁਰੂ ਕੁਰੂਜੰਗਲਾ ਦਾ ਸ਼ਾਸਕ ਸੀ ਅਤੇ (ਕੁਰੂਕਸ਼ੇਤਰ) ਦਾ ਸੰਸਥਾਪਕ ਸੀ (ਕੌਰਵ)

↓

ਮਹਾਰਾਜਾ ਸੁਧਾਨਵਨ ਜੀ, ਪਰੀਕਸ਼ਿਤ ਜੀ, ਪ੍ਰਜਾਨ ਜੀ, ਯਜੁ ਜੀ

↓

ਮਹਾਰਾਜਾ ਸੁਹੋਤਰ ਜੀ

↓

ਮਹਾਰਾਜਾ ਚਿਆਵਾਨ ਜੀ

↓

ਮਹਾਰਾਜਾ ਕ੍ਰਿਮੀ ਜੀ (ਜਾਂ ਕ੍ਰਿਤੀ ਜੀ)

↓

ਮਹਾਰਾਜਾ ਉਪਰੀਚਰਵਾਸੁ ਜੀ

↓

ਮਹਾਰਾਜਾ ਬ੍ਰਿਹਦਰਥ ਜੀ, (ਮਗਧ ਰਾਜ ਦੇ ਸੰਸਥਾਪਕ)

↓

ਮਹਾਰਾਜਾ ਕੁਸ਼ਾਗਰ ਜੀ

↓

ਮਹਾਰਾਜਾ ਵ੍ਰਿਸ਼ਭ ਜੀ

↓

ਮਹਾਰਾਜਾ ਸਤਿਆਹਿਤ ਜੀ

↓

ਮਹਾਰਾਜਾ ਪੁਸ਼ਪ ਜੀ

↓

ਮਹਾਰਾਜਾ ਸਤਿਆਧਰਿਤੀ ਜੀ ਜਾਂ ਸੱਤਹਿਤਾ ਜੀ

↓

ਮਹਾਰਾਜਾ ਸੁਧਾਨਵਾਨ ਜੀ ਜਾਂ ਧਨੁਸ਼ ਜੀ

↓

ਮਹਾਰਾਜਾ ਸਰਵ ਜੀ

↓

ਮਹਾਰਾਜਾ ਸੰਭਾਵ ਜੀ

↓

ਮਹਾਰਾਜਾ ਜਰਾਸੰਧ ਜੀ (ਪਾਂਡਵ ਭੀਮ ਦੁਆਰਾ ਮਾਰੇ ਗਏ)

↓

ਮਹਾਰਾਜਾ ਸਹਿਦੇਵ ਜੀ (ਮਹਾਂਭਾਰਤ ਦੇ ਯੁੱਧ ਵਿੱਚ ਮੌਤ ਹੋ ਗਈ)

↓

ਮਹਾਰਾਜਾ ਮਰਜਰੀ ਜੀ

↓

ਮਹਾਰਾਜਾ ਸੋਮਪੀ ਜੀ

↓

ਮਹਾਰਾਜਾ ਸ਼੍ਰੁਤਸ੍ਰੂਵ ਜੀ

↓

ਮਹਾਰਾਜਾ ਅਪ੍ਰਤੀਪ ਜੀ ਜਾਂ ਅਯੁਤਾਯੂ ਜੀ

↓

ਮਹਾਰਾਜਾ ਨਿਰਮਿਤ੍ਰ ਜੀ

↓

ਮਹਾਰਾਜਾ ਸੁਕ੍ਰਤ ਜਾਂ ਸੁਕਸ਼ਤਰੋ ਜੀ

↓

ਮਹਾਰਾਜਾ ਬ੍ਰਿਹਤਕਰਮ ਜੀ

↓

ਮਹਾਰਾਜਾ ਸੇਨਜੀਤ ਜੀ

↓

ਮਹਾਰਾਜਾ ਸ਼੍ਰੁਤਮਜਯ ਜੀ

↓

ਮਹਾਰਾਜਾ ਮਹਾਬਲਿ ਜੀ ਜਾਂ ਵਿਭੂ ਜੀ

↓

ਮਹਾਰਾਜਾ ਸੁਚੀ ਜੀ

↓

ਮਹਾਰਾਜਾ ਕਸ਼ੇਮਯ ਜੀ

↓

ਮਹਾਰਾਜਾ ਅਨੁਵਰਤ ਜੀ ਜਾਂ ਸੁਵਰਤ ਜੀ

↓

ਮਹਾਰਾਜਾ ਧਰਮਨੇਤ੍ਰ ਜੀ ਜਾਂ ਸੁਨੇਤਰ ਜੀ

↓

ਮਹਾਰਾਜਾ ਨਿਰਵ੍ਰਤੀ ਜੀ

↓

ਮਹਾਰਾਜਾ ਸੁਵਰਤ ਜੀ

↓

ਮਹਾਰਾਜਾ ਮਹਾਸੇਨ ਜੀ

↓

ਮਹਾਰਾਜਾ ਸੁਮਤੀ ਜੀ ਜਾਂ ਮਹਨੇਤ੍ਰ ਜੀ

↓

ਮਹਾਰਾਜਾ ਸੁਚਲ ਜੀ ਜਾਂ ਸੁਬਲ ਜੀ

↓

ਮਹਾਰਾਜਾ ਸੁਨੇਤਰ ਜੀ

↓

ਮਹਾਰਾਜਾ ਸਤਿਆਜੀਤ ਜੀ

↓

ਮਹਾਰਾਜਾ ਵੀਰਜੀਤ ਜੀ ਜਾਂ ਵਿਸ਼ਵਜੀਤ ਜੀ

↓

ਮਹਾਰਾਜਾ ਰਿਪੁੰਜੈ ਜੀ

(400 ਸਾਲਾਂ ਲਈ ਰਾਜ ਡਿੱਗਿਆ)*

↓

ਸਮਰਾਟ ਚੰਦਰਗੁਪਤ ਮੌਰਿਆ** ਜੀ

---

*ਰਿਪੁੰਜੇ ਤੋਂ ਚੰਦਰਗੁਪਤ ਮੌਰਿਆ ਤੱਕ = 300-400 ਸਾਲ (ਪੌਰਵ ਮਗਧ ਉੱਤੇ ਆਪਣਾ ਸ਼ਾਸਨ ਗੁਆ ਬੈਠੇ) ਚੰਦਰਗੁਪਤ ਮੌਰਿਆ ਨੇ 1634ਈ.ਪੂ. (ਕਲਯੁਗ ਰਾਜ ਵ੍ਰਿੰਤਾਂਤ ਅਤੇ ਪੁਰਾਣਾਂ ਦੇ ਆਧਾਰ ਤੇ), ਵਿੱਚ ਪੰਡਿਤ ਵਿਸ਼ਨੂਗੁਪਤ (ਚਾਣਕਯ) ਦੀ ਸਲਾਹ ਨਾਲ ਭਾਰਤ ਵਿੱਚ ਮੁੜ ਤੋਂ ਕਸ਼ੱਤਰੀਆਂ ਦਾ ਰਾਜ ਕਾਇਮ ਕੀਤਾ।

**13ਵੀਂ ਸਦੀ ਦੀ ਮੇਰੁਤੁੰਗ ਦੁਆਰਾ ਲਿਖੀ ਗਈ ਹੱਥ-ਲਿਖਤ, ਜਿਸ ਦਾ ਨਾਮ ਸਥਿਰਾਵਲੀ ਹੈ, ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਸਮਰਾਟ ਵੀਰ ਵਿਕਰਮਾਦਿੱਤਿਆ ਪੰਵਾਰ ਦੇ ਪਿਤਾ ਮਹਾਰਾਜਾ ਗੰਧਰਵਸੇਨ, ਸਮਰਾਟ ਚੰਦਰਗੁਪਤ ਮੌਰਿਆ ਦੇ ਵੰਸ਼ ਵਿੱਚੋਂ ਸਮਰਾਟ ਸੰਪ੍ਰਤੀ ਮੌਰਿਆ ਦੇ ਪੜਪੋਤੇ ਸਨ। ਇਸ ਤੋਂ ਇਲਾਵਾ, ਕਰਨਲ ਟੌਡ, ਨੇ ਵੀ ਲਿਖਿਆ ਹੈ ਕਿ ਪੰਵਾਰ ਰਾਜਪੂਤ ਮੌਰਿਆ ਸਮਰਾਟਾਂ ਦੇ ਵੰਸ਼ਜ ਹਨ।

↓

ਸਮਰਾਟ ਬਿੰਦੂਸਾਰ ਜੀ

↓

ਸਮਰਾਟ ਅਸ਼ੋਕ ਮਹਾਨ ਜੀ

↓

ਮਹਾਰਾਜਾ ਸੁਯਸ ਜੀ / ਕੁਨਾਲ ਜੀ

↓

ਮਹਾਰਾਜਾ ਦਸ਼ਰਥ ਜੀ (ਬੰਧੁਪਾਲਿਤ)

↓

ਮਹਾਰਾਜਾ ਇੰਦਰਪਾਲਿਤ ਜੀ

↓

ਮਹਾਰਾਜਾ ਹਰਸ਼ਵਰਧਨ ਜੀ

↓

ਮਹਾਰਾਜਾ ਸੰਗਤ ਜੀ

↓

ਮਹਾਰਾਜਾ ਸਾਲਿਸੂਕਾਹ ਜੀ

↓

ਮਹਾਰਾਜਾ ਸੋਮਸਰਮ ਜੀ/ਦੇਵਸਰਮ ਜੀ

↓

(ਚੰਦਰਵੰਸ਼ੀ ਪੌਰਵ ਰਾਜਪੂਤਾਂ ਦੀ ਅਵੰਤੀ ਰਾਜ ਸ਼ਾਖਾ)

↓

ਮਹਾਰਾਜਾ ਆਦੂਤ ਪੁਵਾਰ ਜੀ/ਪੌਰਵ ਜੀ

↓

ਮਹਾਰਾਜਾ ਇੰਦਰਦੇਵ ਜੀ

↓

ਮਹਾਰਾਜਾ ਪਰਮਾਰ ਜੀ (ਅਗਨੀ-ਕੁੰਡ ਯੱਗ ਵਿੱਚ ਹਿੱਸਾ ਲਿਆ,
ਜਿਨ੍ਹਾਂ ਤੋਂ ਪਰਮਾਰ ਰਾਜਪੂਤ ਵੀ ਕਿਹਾ ਜਾਂਦਾ ਹੈ)

↓

ਮਹਾਰਾਜਾ ਮਹਾਮਾਰ ਜੀ

↓

ਮਹਾਰਾਜਾ ਦੇਵਪੀ ਜੀ

↓

ਮਹਾਰਾਜਾ ਦੇਵਦੱਤ ਜੀ

↓

ਮਹਾਰਾਜਾ ਗੰਧਰਵਸੇਨ ਜੀ

↓

ਸਮਰਾਟ ਵਿਕਰਮਦਿੱਤਿਆ ਜੀ (ਵਿਕਰਮੀ ਸੰਮਤ ਦੇ ਸੰਸਥਾਪਕ,
ਜੋ ਅੱਜ ਤੱਕ ਕਾਇਮ ਹੈ)

↓

ਮਹਾਰਾਜਾ ਸ਼ਾਲੀਵਾਹਨ ਜੀ/ਸਲਵਾਨ ਜੀ ਨੇ ਸਿਆਲਕੋਟ ਸਥਾਪਤ ਕੀਤੀ,
ਜੋ ਸਗਲ ਕਿਹਾ ਜਾਂਦਾ ਸੀ

→ ਰਾਜਕੁਮਾਰ ਪੂਰਨ ਕੁਮਾਰ ਜੀ
(ਭਗਤ ਪੂਰਨ ਜੀ, ਪੰਜਾਬ ਦੀ
ਪ੍ਰਸਿੱਧ ਲੋਕ ਸ਼ਖਸੀਅਤ)

↓

ਮਹਾਰਾਜਾ ਸ਼ਾਲੀਹੋਤਰ ਜੀ

↓

ਮਹਾਰਾਜਾ ਸ਼ਕ ਹੰਤ ਜੀ

↓

ਮਹਾਰਾਜਾ ਸੁਹੋਤਰ ਜੀ
(ਇੰਦਰਪੁਰ ਸ਼ਹਿਰ ਸਥਾਪਤ ਕੀਤਾ ਜੋ ਬਾਅਦ
ਵਿੱਚ ਇੰਦੌਰ ਵਜੋਂ ਜਾਣਿਆ ਗਿਆ)

↓

ਮਹਾਰਾਜਾ ਮਾਲਿਆ ਵਾਂ ਜੀ

↓

ਮਹਾਰਾਜਾ ਸ਼ੰਭੂ ਦੱਤ ਜੀ

↓

ਮਹਾਰਾਜਾ ਵਤਸ ਰਾਜ ਜੀ

↓

ਮਹਾਰਾਜਾ ਭੋਜ ਰਾਜ ਜੀ

↓

ਮਹਾਰਾਜਾ ਸ਼ੰਭੂ ਦੱਤ ਜੀ

↓

ਮਹਾਰਾਜਾ ਬਿੰਦੂ ਪਾਲ ਜੀ

↓

ਮਹਾਰਾਜਾ ਮਾਹੀ ਨਾਰ ਜੀ

↓

ਮਹਾਰਾਜਾ ਸੋਮਵਰਮ ਜੀ

↓

ਮਹਾਰਾਜਾ ਕਾਮਵਰਮ ਜੀ

↓

ਮਹਾਰਾਜਾ ਭੂਮੀ ਪਾਲ ਜੀ

↓

ਮਹਾਰਾਜਾ ਰੰਗ ਪਾਲ ਜੀ

↓

ਮਹਾਰਾਜਾ ਕਲਪ ਸਿੰਘ ਜੀ

↓

ਮਹਾਰਾਜਾ ਗੰਗਾ ਸਿੰਘ ਜੀ

↓

ਸਮਰਾਟ ਰਾਮ ਜੀ

↓

ਮਹਾਰਾਜਾ ਉਪੇਂਦਰ ਰਾਜ ਜੀ

↓

ਮਹਾਰਾਜਾ ਵੈਰੀ ਸਿੰਘ ਜੀ

↓

ਮਹਾਰਾਜਾ ਸਿਆਕ ਜੀ

↓

ਮਹਾਰਾਜਾ ਵਾਕਪਤੀ ਜੀ

↓

ਮਹਾਰਾਜਾ ਸਾਂਤਲ ਜੀ

↓

ਮਹਾਰਾਜਾ ਸਿੰਧੂਰਾਜ/ਸਿੰਧਲ ਜੀ

↓

ਮਹਾਰਾਜਾ ਮਘਰਾਜ ਜੀ

↓

ਮਹਾਰਾਜਾ ਪ੍ਰਿਥਵੀ ਵੱਲਭ ਮੁੰਜਰਾਜ ਜੀ

↓

ਮਹਾਰਾਜਾ ਭੋਜ ਦੇਵ ਜੀ

↓

ਮਹਾਰਾਜਾ ਜੈ ਸਿੰਘ ਜੀ

↓

ਮਹਾਰਾਜਾ ਸਪਤ ਮੁਕਟ ਜੀ

↓

ਮਹਾਰਾਜਾ ਚਤੁਰ ਮੁਕਟ ਜੀ

↓

ਮਹਾਰਾਜਾ ਉਦੈ ਦੀਪ ਜੀ

↓

ਮਹਾਰਾਜਾ ਰਣਧਵਲ ਜੀ

↓ → ਮਹਾਰਾਜਾ ਮਹਾਂਦੇਵ ਜੀ (ਧਾਰਨਗਰੀ ਦੇ ਆਖਰੀ ਪੰਵਾਰ ਮਹਾਰਾਜਾ)

ਰਾਜਾ ਉਧਾਰ ਜੀ
(ਧਾਰ ਖੁੱਸਣ ਮਗਰੋਂ ਅਸੀਰਗੜ੍ਹ, ਖਾਨਦੇਸ਼ ਵਿੱਚ ਰਾਜ ਕਾਇਮ ਕੀਤਾ)

↓

ਰਾਜਾ ਅੰਬੀਆ ਜੀ

↓

ਰਾਜਾ ਲੋਹੀਆ ਜੀ

↓

ਰਾਜਾ ਬਿੰਜੇ ਰਾਏ ਜੀ

↓

ਰਾਜਾ ਜਗਨ ਦੇਵ ਜੀ

↓

ਰਾਜਾ ਮਾਲ ਦੇਵ ਜੀ

↓

ਰਾਜਾ ਰਾਧਾ ਰਾਏ ਜੀ

↓

ਰਾਜਾ ਲਕਸ਼ਮਣ ਦੇਵ ਜੀ

↓

ਰਾਜਾ ਜਲ੍ਹਾ ਜੀ (ਪੰਵਾਰ/ਪਰਮਾਰ ਰਾਜਪੂਤਾਂ ਦੀ ਜਲਾਨਾਂ ਸ਼ਾਖਾ)

↓

ਰਾਉ ਹਾਫਾ ਰਾਏ ਜੀ

↓

ਰਾਉ ਚਾਹੜ ਦੇਵ ਜੀ

↓

ਰਾਜਾ ਰਾਊ ਜੀ (ਅਲੀਪੁਰ ਰਾਜ ਸਥਾਪਿਤ ਕੀਤਾ)

↓

ਰਾਜਾ ਰਾਉ ਮੂਲ ਚੰਦ ਜੀ

↓

ਰਾਜਾ ਰਾਉ ਬੱਲੂ ਰਾਏ ਜੀ
(ਅਲੀਪੁਰ ਰਿਆਸਤ ਦੇ ਠਾਕੁਰ)
(ਪਰਮਾਰ ਰਾਜਪੂਤਾਂ ਦੀ ਬਾਲਾਵਤ ਸ਼ਾਖਾ ਦੇ ਮੋਢੀ)

↓

ਠਾਕੁਰ ਰਾਉ ਮਾਈ ਦਾਸ ਜੀ

↓

ਸ਼ਹੀਦ ਭਾਈ ਮਨੀ ਸਿੰਘ ਜੀ
(ਅਲੀਪੁਰ ਰਿਆਸਤ ਦੇ ਰਾਜਕੁੰਵਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੀਵਾਨ)

❐

# ਰਾਜਾ ਅਜੀਤ ਸਿੰਘ ਲਾਡਵਾ ਡੱਲੇਵਾਲੀਆ



(ਜਿਨ੍ਹਾਂ ਨੇ ਆਪਣੇ ਰਾਏ ਭੱਟਾਂ ਨੂੰ ਇੱਕ ਪਿੰਡ ਦਾਨ ਦੇ ਕੇ, ਇਸ ਮਹਾਂਕਾਵਿ "ਸ਼ਹੀਦ ਬਿਲਾਸ ਭਾਈ ਮਨੀ ਸਿੰਘ" ਦੀ ਰਚਨਾ ਕਰਵਾਈ)

## ਅਧਿਆਇ 3

# ਰਾਜਾ ਅਜੀਤ ਸਿੰਘ ਲਾਡਵਾ ਡੱਲੇਵਾਲੀਆ ਦਾ ਪਰਿਵਾਰਕ ਵੰਸ਼

**(ਜਿਨ੍ਹਾਂ ਦੇ ਆਦੇਸ਼ਾਂ ਹੇਠ ਭੱਟਾਂ ਨੇ ਇਸ ਮਹਾਂਕਾਵਿ ਦੀ ਰਚਨਾ ਕੀਤੀ)**



ਪੰਡਿਤ ਭੱਟ ਸੇਵਾ ਹਰੀ ਜੀ ਸ਼ਹੀਦ ਬਿਲਾਸ ਭਾਈ ਮਨੀ ਸਿੰਘ ਵਿੱਚ ਰਾਜਾ ਅਜੀਤ ਸਿੰਘ ਲਾਡਵਾ ਡੱਲੇਵਾਲੀਆ ਬਾਰੇ ਇਹ ਕੁੱਝ ਪੰਕਤੀਆਂ ਲਿਖਦੇ ਹਨ—

**ਦੇਸ ਮਾਲਵੇ ਪਹੁੰਚੇ ਜਾਈ। ਗੈਲ ਅਜੀਤ ਸਿੰਘ ਲਈ ਬਨਾਈ।**
**ਕਛੁ ਚਿਰ ਰਹੇ ਲਾਡਵੇ ਬੀਚ। ਏਕ ਗਾਮ ਰਾਜੇ ਤਿਹ ਦੀਚ।**
**ਹਮਰਾ ਕਾਮ ਵਧਾਈਆਂ ਲੈਨਾ। ਫਿਰ ਤੁਰ ਕੇ ਜਸ ਇਨ ਕਾ ਕਹਿਨਾ।**
**ਸੇਵਾ ਹਰੀ ਭਾਦਸੋਂ ਮਾਹਿ। ਕਛੁਕ ਕਾਲ ਬਿਤਾਯੋ ਤਾਹਿ।**

**(ਪੰਡਿਤ ਸੇਵਾ ਹਰੀ ਜੀ, ਸ਼ਹੀਦ ਬਿਲਾਸ ਭਾਈ ਮਨੀ ਸਿੰਘ)**

**ਅਨੁਵਾਦ**— ਭੱਟ ਸਾਹਿਬਾਨ ਲਿਖਦੇ ਹਨ, ਅਸੀਂ ਪੰਜਾਬ ਦੇ ਮਾਲਵਾ ਖੇਤਰ ਵਿੱਚ ਪਹੁੰਚੇ ਅਤੇ ਰਾਜਾ ਅਜੀਤ ਸਿੰਘ ਲਾਡਵਾ ਨਾਲ ਚੰਗੇ ਸੰਬੰਧ ਬਣਾ ਲਏ। ਅਸੀਂ ਕੁੱਝ ਅਰਸੇ ਲਈ ਲਾਡਵਾ ਵਿੱਚ ਰਹੇ ਅਤੇ ਰਾਜਾ ਅਜੀਤ ਸਿੰਘ ਲਾਡਵਾ ਨੇ ਸਾਨੂੰ ਜਾਗੀਰ ਵਜੋਂ ਇੱਕ ਪਿੰਡ ਦਾਨ ਕੀਤਾ। ਭੱਟ ਸਾਹਿਬਾਨ ਲਿਖਦੇ ਹਨ ਕਿ ਸਾਡਾ ਭੱਟਾਂ ਦਾ ਕੰਮ ਤਾਂ ਰਾਜਾ ਅਜੀਤ ਸਿੰਘ ਲਾਡਵਾ ਅਤੇ ਅਨ ਰਾਜਪੂਤਾਂ ਕੋਲੋਂ, ਜਨਮ ਅਤੇ ਵਿਆਹ ਦੀਆਂ ਵਧਾਈਆਂ ਲੈਣਾ ਅਤੇ ਆਲੇ ਦੁਆਲੇ ਘੁੰਮ ਫਿਰ ਕੇ ਇਨ੍ਹਾਂ ਦੇ ਸੋਹਲੇ ਅਤੇ ਜੱਸ ਗਾਉਣਾ ਹੈ। ਸੇਵਾ ਹਰੀ, ਭੱਟ ਲਿਖਦਾ ਹੈ ਕਿ ਉਹ (ਭੱਟ) ਉਸ ਤੋਂ ਬਾਅਦ ਭਾਦਸੋਂ ਵਿਖੇ ਕੁਝ ਸਮੇਂ ਲਈ ਰਹੇ।

## ਰਾਜਾ ਅਜੀਤ ਸਿੰਘ ਲਾਡਵਾ ਡੱਲੇਵਾਲੀਆ ਵੰਸ਼ਾਵਲੀ

**ਵੰਸ਼** - ਸੂਰਿਆਵੰਸ਼ੀ
**ਕੁਲ** - ਰਾਠੌਰ ਰਾਜਪੂਤ
**ਸ਼ਾਖਾ** - ਬੀਰਮਮੋਤ ਰਿੜਮਲੋਤ ਉਦਾਵਤ ਸਾਂਸੀਆਨੇ ਰਾਠੌਰ ਰਾਜਪੂਤ
**ਰਾਜ** - ਜੋਧਪੁਰ/ਸੋਧਰਾ/ਲਾਡਵਾ
**ਗੋਤ੍ਰ** - ਗੌਤਮ
**ਕੁਲਦੇਵੀ** - ਰਾਠੌਰੇਸ਼ਵਰੀ ਦੇਵੀ/ਨਾਗਨੇਚੀਆ ਮਾਤਾ
**ਗੱਦੀ** - ਕੰਨੌਜ/ਅਯੁੱਧਿਆ

ਆਦ ਜੁਗਾਦੀ (ਅਮਰ ਜੀਵ)

↓

ਬ੍ਰਹਮਾ ਜੀ

↓

ਕਸ਼ਯਪ ਜੀ

↓

ਮਹਾਰਾਜਾ ਸੂਰਿਆ ਜੀ (ਸੂਰੀਆਵੰਸ਼ੀ ਰਾਜਪੂਤ)

↓

ਮਹਾਰਾਜਾ ਇੱਕਸ਼ਵਾਕੂ ਜੀ

↓

ਮਹਾਰਾਜਾ ਵਿਕੁਕਸ਼ੀ ਜੀ

↓

ਮਹਾਰਾਜਾ ਪੁਰੰਜਯ ਜੀ (ਕਾਕੂਸਥ ਜੀ)

↓

ਮਹਾਰਾਜਾ ਅਨੇਨਾ ਜੀ

↓

ਮਹਾਰਾਜਾ ਪ੍ਰਿਥੂ ਜੀ

↓

ਮਹਾਰਾਜਾ ਚੰਦਰ ਜੀ

↓

ਮਹਾਰਾਜਾ ਯੁਵਨਾਸ੍ਰ ਜੀ

↓

ਮਹਾਰਾਜਾ ਸਾਵਸਤ ਜੀ

↓

ਮਹਾਰਾਜਾ ਵ੍ਰਿਹਦਸ਼੍ਵਾ ਜੀ

↓

ਮਹਾਰਾਜਾ ਕੁਵਲਿਆਸ੍ਵ ਜੀ

↓

ਮਹਾਰਾਜਾ ਦ੍ਰਿੜਾਸ੍ਵ ਜੀ

↓

ਮਹਾਰਾਜਾ ਹਰਿਆਸਵ ਜੀ

↓

ਮਹਾਰਾਜਾ ਨਿਕੁੰਭ ਜੀ

↓

ਮਹਾਰਾਜਾ ਵਹੈਰਨਾਸ੍ਵ ਜੀ

↓

ਮਹਾਰਾਜਾ ਕੁਸ਼ਾਸਵ ਜੀ

↓

ਮਹਾਰਾਜਾ ਸੇਨਜੀਤ ਜੀ

↓

ਮਹਾਰਾਜਾ ਯਵਾਨਸ੍ਵ ਜੀ

↓

ਮਹਾਰਾਜਾ ਮਾਨਧਾਤਾ ਜੀ

↓

ਮਹਾਰਾਜਾ ਮੁਚਕੰਧ ਜੀ

↓

ਮਹਾਰਾਜਾ ਪੁਰੂਕ੍ਰਿਤਸ ਜੀ

↓

ਮਹਾਰਾਜਾ ਯੌਵਾਨਸ੍ਵ ਜੀ

↓

ਮਹਾਰਾਜਾ ਹਰਿਤ ਜੀ

↓

ਮਹਾਰਾਜਾ ਤ੍ਰਿਸਦਾਸਯੂ ਜੀ

↓

ਮਹਾਰਾਜਾ ਅਨਾਰਣਯ ਜੀ

↓

ਮਹਾਰਾਜਾ ਹਰਿਆਸ੍ਵ ਜੀ

↓

ਮਹਾਰਾਜਾ ਅਰੁਣ ਜੀ

↓

ਮਹਾਰਾਜਾ ਨਿਬੰਧ ਜੀ

↓

ਮਹਾਰਾਜਾ ਤ੍ਰਿਸ਼ੰਕੂ ਜੀ

↓

ਮਹਾਰਾਜਾ ਹਰੀਸ਼ਚੰਦਰ ਜੀ

↓

ਮਹਾਰਾਜਾ ਰੋਹਿਤਾਸ ਜੀ

↓

ਮਹਾਰਾਜਾ ਹਰਿਤ ਜੀ

↓

ਮਹਾਰਾਜਾ ਚੰਪ ਜੀ

↓

ਮਹਾਰਾਜਾ ਸੁਦੇਵ ਜੀ

↓

ਮਹਾਰਾਜਾ ਵਿਜੇ ਜੀ

↓

ਮਹਾਰਾਜਾ ਭਾਰੂਕ ਜੀ

↓

ਮਹਾਰਾਜਾ ਬ੍ਰਿਕ ਜੀ

↓

ਮਹਾਰਾਜਾ ਬਾਹੁਕ ਜੀ

↓

ਮਹਾਰਾਜਾ ਸਾਗਰ ਜੀ

↓

ਮਹਾਰਾਜਾ ਅਸਮੰਜਸ ਜੀ

↓

ਮਹਾਰਾਜਾ ਅੰਸ਼ੁਮਨ ਜੀ

↓

ਮਹਾਰਾਜਾ ਦਿਲੀਪ ਜੀ

↓

ਮਹਾਰਾਜਾ ਭਾਗੀਰਥ ਜੀ

↓

ਮਹਾਰਾਜਾ ਸ੍ਰਿਤਸੈਨ ਜੀ

↓

ਮਹਾਰਾਜਾ ਨਾਭ ਜੀ

↓

ਮਹਾਰਾਜਾ ਅਪਾਰ ਜੀ

↓

ਮਹਾਰਾਜਾ ਸਿੰਧੂਦੀਪ ਜੀ

↓

ਮਹਾਰਾਜਾ ਅਯੁਤਾਯੂ ਜੀ

↓

ਮਹਾਰਾਜਾ ਰਿਤਪਰਨ ਜੀ

↓

ਮਹਾਰਾਜਾ ਸਰਵਕਾਮ ਜੀ

↓

ਮਹਾਰਾਜਾ ਸੁਦਾਸ ਜੀ

↓

ਮਹਾਰਾਜਾ ਸੋਦਾਸ ਜੀ

↓

ਮਹਾਰਾਜਾ ਅਸ਼ਮਾਕ ਜੀ

↓

ਮਹਾਰਾਜਾ ਸਾਲਕ ਜੀ

↓

ਮਹਾਰਾਜਾ ਸਵਸ਼ਵਰਤ ਜੀ

↓

ਮਹਾਰਾਜਾ ਐਡਵਿਡ ਜੀ

↓

ਮਹਾਰਾਜਾ ਵਿਸ਼ਵਾਸ਼ ਜੀ

↓

ਮਹਾਰਾਜਾ ਰਵਦਵਾਗਰ ਜੀ

↓

ਮਹਾਰਾਜਾ ਦੀਹਗਰਬਾਹੁ ਜੀ

↓

ਮਹਾਰਾਜਾ ਦਿਲੀਪ ਜੀ

↓

ਮਹਾਰਾਜਾ ਰਘੂ ਜੀ (ਸੂਰਿਆਵੰਸ਼ੀ ਰਘੂਵੰਸ਼ੀ)

↓

ਮਹਾਰਾਜਾ ਅਜ ਜੀ

↓

ਮਹਾਰਾਜਾ ਦਸ਼ਰਥ ਜੀ

↓

ਮਹਾਰਾਜਾ ਭਗਵਾਨ ਰਾਮਚੰਦਰ ਜੀ (ਭਗਵਾਨ ਰਾਮ, ਤ੍ਰੇਤਾ ਯੁੱਗ ਦੇ ਅਵਤਾਰ)

↓

ਮਹਾਰਾਜਾ ਲਵ ਜੀ

↓

ਮਹਾਰਾਜਾ ਸ਼ਿਵਕੁਮਾਰ ਜੀ

↓

ਮਹਾਰਾਜਾ ਸਿੰਧੁਤਾਸ ਜੀ

↓

ਮਹਾਰਾਜਾ ਸੰਜੀਤ ਜੀ

↓

ਮਹਾਰਾਜਾ ਯੋਵਨਾਸ਼੍ਵ ਜੀ

↓

ਮਹਾਰਾਜਾ ਮਾਨਧਾਤਾ ਜੀ (ਅਯੁੱਧਿਆ ਵਿੱਚ ਪਾਲਾਗੜ੍ਹ ਰਾਜ ਸਥਾਪਿਤ ਕੀਤਾ)

↓

ਮਹਾਰਾਜਾ ਅੰਬਰੀਸ਼ ਜੀ

↓

ਮਹਾਰਾਜਾ ਧਰਮਾਗਦ ਜੀ

↓

ਮਹਾਰਾਜਾ ਰੁਕਮਾਂਗਦ ਜੀ

↓

ਮਹਾਰਾਜਾ ਮਨਕੁਤਸ ਜੀ

↓

ਮਹਾਰਾਜਾ ਸੋਮਸੱਤਿਆ ਜੀ

↓

ਮਹਾਰਾਜਾ ਦੇਵਕ ਜੀ

↓

ਮਹਾਰਾਜਾ ਸੱਤਿਆ ਜੀ

↓

ਮਹਾਰਾਜਾ ਪੁੰਡਰਿਕ ਜੀ

↓

ਮਹਾਰਾਜਾ ਹਰਨਾਮ ਜੀ

↓

ਮਹਾਰਾਜਾ ਹਰਜਸ ਜੀ

↓

ਮਹਾਰਾਜਾ ਵ੍ਰਿਧਬੈਣ ਜੀ

↓

ਮਹਾਰਾਜਾ ਦੰਦਵਾਨ ਜੀ

↓

ਮਹਾਰਾਜਾ ਆਵਾਨ ਜੀ

↓

ਮਹਾਰਾਜਾ ਜਗਵਾਨ ਜੀ

↓

ਮਹਾਰਾਜਾ ਖੰਭਬਾਨ ਜੀ

↓

ਮਹਾਰਾਜਾ ਸਰਬਾਨ ਜੀ

↓

ਮਹਾਰਾਜਾ ਨੇਜਬਾਨ ਜੀ

↓

ਮਹਾਰਾਜਾ ਮਹਾਂਬਾਨ ਜੀ

↓

ਮਹਾਰਾਜਾ ਰਥਬਾਣ ਜੀ

↓

ਮਹਾਰਾਜਾ ਰਾਇਬਾਨ ਜੀ

↓

ਮਹਾਰਾਜਾ ਚਤਰਬਾਨ ਜੀ

↓

ਮਹਾਰਾਜਾ ਅਜੈਬਾਨ ਜੀ

↓

ਮਹਾਰਾਜਾ ਕੁੰਭਬਾਨ ਜੀ

↓

ਮਹਾਰਾਜਾ ਸਾਰੰਗਬਾਨ ਜੀ

↓

ਮਹਾਰਾਜਾ ਕੁਤਸਬਾਨ ਜੀ

↓

ਮਹਾਰਾਜਾ ਕੇਸ਼ੀਬਾਨ ਜੀ

↓

ਮਹਾਰਾਜਾ ਮਨਕੁਤਸ ਜੀ

↓

ਮਹਾਰਾਜਾ ਪਾਰਕੁਤਸ ਜੀ

↓

ਮਹਾਰਾਜਾ ਪਰਿਕਸ਼ੀਤ ਜੀ

↓

ਮਹਾਰਾਜਾ ਸਹਿਸਰਾਜ ਜੀ

↓

ਮਹਾਰਾਜਾ ਕਪਿਲ ਜੀ

↓

ਮਹਾਰਾਜਾ ਕਿਲਿੰਗ ਜੀ

↓

ਮਹਾਰਾਜਾ ਮਧਭਤਰ ਜੀ

↓

ਮਹਾਰਾਜਾ ਚਕੰਧ ਜੀ

↓

ਮਹਾਰਾਜਾ ਧੀਰਜਵਜ ਜੀ

↓

ਮਹਾਰਾਜਾ ਅਵਸ਼ੇਸ਼ ਜੀ

↓

ਮਹਾਰਾਜਾ ਉਗਰਸੇਨ ਜੀ

↓

ਮਹਾਰਾਜਾ ਸੁਰਸੇਨ ਜੀ

↓

ਮਹਾਰਾਜਾ ਬੀਰਸੇਨ ਜੀ

↓

ਮਹਾਰਾਜਾ ਅੰਬਸੇਨ ਜੀ

↓

ਮਹਾਰਾਜਾ ਮਧਸੈਨ ਜੀ

↓

ਮਹਾਰਾਜਾ ਸ਼ਿਵਰਸੇਨ ਜੀ

↓

ਮਹਾਰਾਜਾ ਬਰਸੇਨ ਜੀ

↓

ਮਹਾਰਾਜਾ ਆਨਸੇਨ ਜੀ

↓

ਮਹਾਰਾਜਾ ਮਾਧਵਸੇਨ ਜੀ

↓

ਮਹਾਰਾਜਾ ਮਗਸੇਨ ਜੀ

↓

ਮਹਾਰਾਜਾ ਨਰਮਸੇਨ ਜੀ

↓

ਮਹਾਰਾਜਾ ਬੀਰਮਸੇਨ ਜੀ

↓

ਮਹਾਰਾਜਾ ਕਾਇਨਸੈਨ ਜੀ

↓

ਮਹਾਰਾਜਾ ਬ੍ਰਹਮਸੇਨ ਜੀ

↓

ਮਹਾਰਾਜਾ ਰੂਪਸਮੰਦ ਜੀ

↓

ਮਹਾਰਾਜਾ ਰਵੀਸਮੰਦ ਜੀ

↓

ਮਹਾਰਾਜਾ ਸ਼ਿਵਸਮੰਦ ਜੀ

↓

ਮਹਾਰਾਜਾ ਬਿਥ ਅਵਨ ਜੀ

↓

ਮਹਾਰਾਜਾ ਥਰਜਨ ਦੇਵ ਜੀ

↓

ਮਹਾਰਾਜਾ ਅੰਬਗਤ ਜੀ

↓

ਮਹਾਰਾਜਾ ਹਰਸਮੰਦ ਜੀ

↓

ਮਹਾਰਾਜਾ ਰੈਸਮੰਦ ਜੀ

↓

ਮਹਾਰਾਜਾ ਸੋਮਸਮੰਦ ਜੀ

↓

ਮਹਾਰਾਜਾ ਊਗਸਮੰਦ ਜੀ

↓

ਮਹਾਰਾਜਾ ਬੀਰਸਮੰਦ ਜੀ

↓

ਮਹਾਰਾਜਾ ਨਰਸਮ ਜੀ

↓

ਮਹਾਰਾਜਾ ਬੀਰਮਾਸਮ ਜੀ

↓

ਮਹਾਰਾਜਾ ਨੂਰਸਮੰਦ ਜੀ (ਮੇਹਰਗੜ੍ਹ ਰਾਜ)

↓

ਮਹਾਰਾਜਾ ਸਿਨਸਮੰਦ ਜੀ

↓

ਮਹਾਰਾਜਾ ਕਲਸਮ ਜੀ

↓

ਮਹਾਰਾਜਾ ਅਕਰਸਮ ਜੀ

↓

ਮਹਾਰਾਜਾ ਸਰਸਮ ਜੀ

↓

ਮਹਾਰਾਜਾ ਮਹਾਸਮ ਜੀ

↓

ਮਹਾਰਾਜਾ ਪਾਂਡਸਮ ਜੀ

↓

ਮਹਾਰਾਜਾ ਰਤਸੋਮ ਜੀ

↓

ਮਹਾਰਾਜਾ ਰਾਇਸੋਮ ਜੀ

↓

ਮਹਾਰਾਜਾ ਵੀਰਸੋਮ ਜੀ

↓

ਮਹਾਰਾਜਾ ਸੂਰਤਪਾਲ ਜੀ

↓

ਮਹਾਰਾਜਾ ਰੁਧਪਾਲ ਜੀ

↓

ਮਹਾਰਾਜਾ ਭਾਰਤ ਜੀ (ਖੂਬਾ ਭਵਤੀ ਰਾਜ)

↓

ਮਹਾਰਾਜਾ ਚੰਦਰਪਲ ਜੀ

↓

ਮਹਾਰਾਜਾ ਸੂਰਜਪਾਲ ਜੀ

↓

ਮਹਾਰਾਜਾ ਇੰਦਰਪਾਲ ਜੀ

↓

ਮਹਾਰਾਜਾ ਅਭੈਪਾਲ ਜੀ

↓

ਮਹਾਰਾਜਾ ਧਰਮਪਾਲ ਜੀ

↓

ਮਹਾਰਾਜਾ ਗੰਗਪਾਲ ਜੀ

↓

ਮਹਾਰਾਜਾ ਭੀਵਪਾਲ ਜੀ

↓

ਮਹਾਰਾਜਾ ਭੈਰਪਾਲ ਜੀ

↓

ਮਹਾਰਾਜਾ ਰਿਥਕਪਾਲ ਜੀ

↓

ਮਹਾਰਾਜਾ ਕਵਲਪਾਲ ਜੀ

↓

ਮਹਾਰਾਜਾ ਧੁੰਧਪਾਲ ਜੀ

↓

ਮਹਾਰਾਜਾ ਦਲਪਾਲ ਜੀ

↓

ਮਹਾਰਾਜਾ ਸਪਤਪਾਲ ਜੀ

↓

ਮਹਾਰਾਜਾ ਅਜੇਪਾਲ ਜੀ (ਉਜੈਨ ਰਾਜ)

↓

ਮਹਾਰਾਜਾ ਪੰਦਸਧਜੀ

↓

ਮਹਾਰਾਜਾ ਗਿਆਨਪੰਡ ਜੀ

↓

ਮਹਾਰਾਜਾ ਮਹਾਪੰਡ ਜੀ

↓

ਮਹਾਰਾਜਾ ਜਗਪੰਦ ਜੀ

↓

ਮਹਾਰਾਜਾ ਅਕਰਪੰਡ ਜੀ

↓

ਮਹਾਰਾਜਾ ਸੂਰਜਪੰਡ ਜੀ

↓

ਮਹਾਰਾਜਾ ਅੰਤਪੰਡ ਜੀ

↓

ਮਹਾਰਾਜਾ ਸਾਰੰਗਪੰਡ ਜੀ

↓

ਮਹਾਰਾਜਾ ਵੀਰਪੰਡ ਜੀ (ਖਿਲਾਂਗਾਢ ਰਾਜ)

↓

ਮਹਾਰਾਜਾ ਪੰਡਸੇਵ ਜੀ

↓

ਮਹਾਰਾਜਾ ਪ੍ਰਿਥਵੀਸੇਵ ਜੀ

↓

ਮਹਾਰਾਜਾ ਅਰਕਸੇਵ ਜੀ

↓

ਮਹਾਰਾਜਾ ਸ਼ਿਵਸੇਵ ਜੀ

↓

ਮਹਾਰਾਜਾ ਪੂਰਨਸੇਵ ਜੀ

↓

ਮਹਾਰਾਜਾ ਬਨਸੇਵ ਜੀ

↓

ਮਹਾਰਾਜਾ ਦੰਦਸੇਵ ਜੀ

↓

ਮਹਾਰਾਜਾ ਨਾਭਗਸੇਵ ਜੀ

↓

ਮਹਾਰਾਜਾ ਬਹੇਵਸੇਵ ਜੀ

↓

ਮਹਾਰਾਜਾ ਅੱਸਕਸੇਵ ਜੀ

↓

ਮਹਾਰਾਜਾ ਪਥਪ੍ਰਾਨ ਜੀ

↓

ਮਹਾਰਾਜਾ ਮਹਾਪਥ ਜੀ (ਮੇਹਰਗੜ੍ਹ ਰਾਜ)

↓

ਮਹਾਰਾਜਾ ਸਯਾਮਜੀਤ ਜੀ

↓

ਮਹਾਰਾਜਾ ਅਕਸ਼ੈਜੀਤ ਜੀ

↓

ਮਹਾਰਾਜਾ ਅਜੈਜੀਤ ਜੀ

↓

ਮਹਾਰਾਜਾ ਬਿਜਾਜੀਤ ਜੀ

↓

ਮਹਾਰਾਜਾ ਰੂਘਬਾਹੁ ਜੀ

↓

ਮਹਾਰਾਜਾ ਅਜਬਜੀਤ ਜੀ

↓

ਮਹਾਰਾਜਾ ਸ਼ੰਕਰਜੀਤ ਜੀ

↓

ਮਹਾਰਾਜਾ ਰੋਹਜੀਤ ਜੀ

↓

ਮਹਾਰਾਜਾ ਚੰਦਰਜੀਤ ਜੀ

↓

ਮਹਾਰਾਜਾ ਇੰਦਰਜੀਤ ਜੀ

↓

ਮਹਾਰਾਜਾ ਸੂਰਜ ਜੀਤ ਜੀ

↓

ਮਹਾਰਾਜਾ ਸੋਭਜੀਤ ਜੀ (ਅਜੈਵਨਗਰ)

↓

ਮਹਾਰਾਜਾ ਮਹੀਪਥ ਜੀ

↓

ਮਹਾਰਾਜਾ ਸਪੋਪਥ ਜੀ

↓

ਮਹਾਰਾਜਾ ਰਾਮਪਥ ਜੀ

↓

ਮਹਾਰਾਜਾ ਤੇਜਪਥ ਜੀ

↓

ਮਹਾਰਾਜਾ ਰੂਪਪਥ ਜੀ

↓

ਮਹਾਰਾਜਾ ਅੰਬਪਥ ਜੀ

↓

ਮਹਾਰਾਜਾ ਜਸਮਾਨ ਜੀ

↓

ਮਹਾਰਾਜਾ ਦ੍ਵਿਜਪਾਲਜੀ

↓

ਮਹਾਰਾਜਾ ਉਦੈਪਾਲ ਜੀ

↓

ਮਹਾਰਾਜਾ ਮੂਲਦੇਵ ਜੀ

↓

ਮਹਾਰਾਜਾ ਮਹਾਪਥ ਜੀ

↓

ਮਹਾਰਾਜਾ ਵਰਮਪਥ ਜੀ

↓

ਮਹਾਰਾਜਾ ਸਿਧਪਥ ਜੀ

↓

ਮਹਾਰਾਜਾ ਕਲਪਥ ਜੀ

↓

ਮਹਾਰਾਜਾ ਅਸਪਥ ਜੀ

↓

ਮਹਾਰਾਜਾ ਸ਼ਿਵਾਪਥ ਜੀ

↓

ਮਹਾਰਾਜਾ ਸੋਮਪਥ ਜੀ

↓

ਮਹਾਰਾਜਾ ਧੂਮਪਥ ਜੀ

↓

ਮਹਾਰਾਜਾ ਨਿਮਹਪਥ ਜੀ

↓

ਮਹਾਰਾਜਾ ਗੰਗਪਥ ਜੀ

↓

ਮਹਾਰਾਜਾ ਵਾਹਿਪਥ ਜੀ

↓

ਮਹਾਰਾਜਾ ਅਸਮਾਨਪਥ ਜੀ

↓

ਮਹਾਰਾਜਾ ਸਦਰਪਥ ਜੀ

↓

ਮਹਾਰਾਜਾ ਇੰਦਰਪਥ ਜੀ

↓

ਮਹਾਰਾਜਾ ਚੰਦਰਪਥ ਜੀ

↓

ਮਹਾਰਾਜਾ ਰੂਦ੍ਰਪਥ ਜੀ

↓

ਮਹਾਰਾਜਾ ਸੁਰਕਪਥ ਜੀ

↓

ਮਹਾਰਾਜਾ ਦਿਆਪਥ ਜੀ

↓

ਮਹਾਰਾਜਾ ਸ਼ੁਕਲਪਥ ਜੀ

↓

ਮਹਾਰਾਜਾ ਸਕਲਪਥ ਜੀ

↓

ਮਹਾਰਾਜਾ ਨਾਗਪਥ ਜੀ

↓

ਮਹਾਰਾਜਾ ਬ੍ਰਿਹਧਬਾਲ ਜੀ (ਮਹਾਂਭਾਰਤ ਦੀ ਲੜਾਈ ਵਿੱਚ ਸ਼ਹੀਦ)

↓

ਮਹਾਰਾਜਾ ਮਨਸੋਰ ਜੀ

↓

ਮਹਾਰਾਜਾ ਮਾਂਘੋਲ ਜੀ

↓

ਮਹਾਰਾਜਾ ਚਿਤਭ੍ਰਮ ਜੀ

↓

ਮਹਾਰਾਜਾ ਧਰਮਧ੍ਰਜ ਜੀ

↓

ਮਹਾਰਾਜਾ ਗਹਿਰਹਿਰ ਜੀ (ਗਹਿਰਵਾਰ ਸ਼ਾਖਾ)

↓

ਮਹਾਰਾਜਾ ਰਾਜ ਧਰਮ ਜੀ

↓

ਮਹਾਰਾਜਾ ਦੂਧਧਵਜ ਜੀ

↓

ਮਹਾਰਾਜਾ ਵਿੰਦਬਲ ਜੀ

↓

ਮਹਾਰਾਜਾ ਜੈਸਮੰਦ ਜੀ

↓

ਮਹਾਰਾਜਾ ਨਰਸੰਧ ਜੀ

↓

ਮਹਾਰਾਜਾ ਅਮਵਰੀਸ਼ ਜੀ (ਖੂਟਕ ਨਗਰ ਰਾਜ)

↓

ਮਹਾਰਾਜਾ ਅਸਟਬਾਨ ਜੀ

↓

ਮਹਾਰਾਜਾ ਤਖਤ ਜੀ

↓

ਮਹਾਰਾਜਾ ਤੰਗ ਜੀ

↓

ਮਹਾਰਾਜਾ ਰੋਹਿਤਾਸ ਜੀ

↓

ਮਹਾਰਾਜਾ ਜੰਗ ਜੀ

↓

ਮਹਾਰਾਜਾ ਜੈਬਾਨ ਜੀ

↓

ਮਹਾਰਾਜਾ ਅਡਗਬਾਨ ਜੀ

↓

ਮਹਾਰਾਜਾ ਅਜੈਬਾਨ ਜੀ

↓

ਮਹਾਰਾਜਾ ਸਤਭ੍ਰਮ ਜੀ

↓

ਮਹਾਰਾਜਾ ਪੁੰਡਰੀਸ਼ ਜੀ

↓

ਮਹਾਰਾਜਾ ਬੁੱਧਦੇਵ ਜੀ

↓

ਮਹਾਰਾਜਾ ਦਹਜਗ ਜੀ

↓

ਮਹਾਰਾਜਾ ਪਰੀਛੀਤ ਜੀ

↓

ਮਹਾਰਾਜਾ ਰਿਭ ਜੀ

↓

ਮਹਾਰਾਜਾ ਬੀਰਸੈਨ ਜੀ

↓

ਮਹਾਰਾਜਾ ਸੁਭਾਨ ਜੀ

↓

ਮਹਾਰਾਜਾ ਨਨਖਟ ਜੀ

↓

ਮਹਾਰਾਜਾ ਉਛੀਨ ਜੀ

↓

ਮਹਾਰਾਜਾ ਪੰਖ ਜੀ

↓

ਮਹਾਰਾਜਾ ਜੋਗਯਾਤ ਜੀ

↓

ਮਹਾਰਾਜਾ ਅਵਸਾਯ ਜੀ

↓

ਮਹਾਰਾਜਾ ਅੰਗ੍ਰਭ ਜੀ

↓

ਮਹਾਰਾਜਾ ਪ੍ਰਾਣਸੁਤ ਜੀ

↓

ਮਹਾਰਾਜਾ ਸੈਪਥ ਜੀ

↓

ਮਹਾਰਾਜਾ ਬੀਸੀਧਨ ਜੀ

↓

ਮਹਾਰਾਜਾ ਅੰਤਰੀਸ਼ ਜੀ

↓

ਮਹਾਰਾਜਾ ਮਨੂਦੇਵ ਜੀ

↓

ਮਹਾਰਾਜਾ ਬੀਰਚਸਵ ਜੀ

↓

ਮਹਾਰਾਜਾ ਹਰਜਸ ਜੀ

↓

ਮਹਾਰਾਜਾ ਦੰਦ ਜੀ

↓

ਮਹਾਰਾਜਾ ਵਾਕੁਸੁਤ ਜੀ

↓

ਮਹਾਰਾਜਾ ਬਾਹੂ ਜੀ

↓

ਮਹਾਰਾਜਾ ਕਾਹਨੌਂਜ ਜੀ (ਸਥਾਪਕ ਕੰਨੌਂਜ ਰਾਜ)

↓

ਮਹਾਰਾਜਾ ਮਯਾਚੰਦ ਜੀ

↓

ਮਹਾਰਾਜਾ ਰਾਇਚੰਦ ਜੀ

↓

ਮਹਾਰਾਜਾ ਭਾਗਚੰਦ ਜੀ

↓

ਮਹਾਰਾਜਾ ਦੀਪਚੰਦ ਜੀ

↓

ਮਹਾਰਾਜਾ ਸੁਭਾਸ਼ਚੰਦ ਜੀ

↓

ਮਹਾਰਾਜਾ ਰੂਪਚੰਦ ਜੀ

↓

ਮਹਾਰਾਜਾ ਪ੍ਰਿਥਵੀਚੰਦ ਜੀ

↓

ਮਹਾਰਾਜਾ ਸ਼੍ਰੀਚੰਦ ਜੀ

↓

ਮਹਾਰਾਜਾ ਇੰਦਰਚੰਦ ਜੀ

↓

ਮਹਾਰਾਜਾ ਕੁਲਚੰਦ ਜੀ

↓

ਮਹਾਰਾਜਾ ਅਜੈਚੰਦ ਜੀ

↓

ਮਹਾਰਾਜਾ ਬਲਚੰਦ ਜੀ

↓

ਮਹਾਰਾਜਾ ਨਭਚੰਦ ਜੀ

↓

ਮਹਾਰਾਜਾ ਬੰਬਚੰਦ ਜੀ

↓

ਮਹਾਰਾਜਾ ਅਗਰਚੰਦ ਜੀ

↓

ਮਹਾਰਾਜਾ ਬਛਚੰਦ ਜੀ

↓

ਮਹਾਰਾਜਾ ਉਦੈਚੰਦ ਜੀ

↓

ਮਹਾਰਾਜਾ ਸੰਸਾਰਚੰਦ ਜੀ

↓

ਮਹਾਰਾਜਾ ਹਰਚੰਦ ਜੀ

↓

ਮਹਾਰਾਜਾ ਜਗੀਰਚੰਦ ਜੀ

↓

ਮਹਾਰਾਜਾ ਬੈਨਚੰਦ ਜੀ

↓

ਮਹਾਰਾਜਾ ਬੀਰਮਚੰਦ ਜੀ

↓

ਮਹਾਰਾਜਾ ਰਥਚੰਦ ਜੀ

↓

ਮਹਾਰਾਜਾ ਇਧਵਾਇੱਕ ਜੀ

↓

ਮਹਾਰਾਜਾ ਕਰਨ ਜੀ

↓

ਮਹਾਰਾਜਾ ਤੁਗਨਾਥ ਜੀ

↓

ਮਹਾਰਾਜਾ ਭਰਤ ਜੀ

↓

ਮਹਾਰਾਜਾ ਰਾਜ ਪੁੰਜ ਜੀ

↓

ਮਹਾਰਾਜਾ ਧਰਮ ਭਾਵ ਜੀ

↓

ਮਹਾਰਾਜਾ ਧ੍ਰਜ ਜੀ

↓

ਮਹਾਰਾਜਾ ਰਤਨ ਧ੍ਰਜ ਜੀ

↓

ਮਹਾਰਾਜਾ ਕਿਸ਼ਨਦੇਵ ਜੀ

↓

ਮਹਾਰਾਜਾ ਕਲਵ੍ਰਿਦਤ ਜੀ

↓

ਮਹਾਰਾਜਾ ਸਦਵ੍ਰਿਦਤ ਜੀ

↓

ਮਹਾਰਾਜਾ ਸੂਰਵ੍ਰਿਦਤ ਜੀ

↓

ਮਹਾਰਾਜਾ ਉਦੈ ਚੰਦ ਜੀ

↓

ਮਹਾਰਾਜਾ ਬਿਜਯਚੰਦ ਜੀ

↓

ਮਹਾਰਾਜਾ ਜੈਚੰਦ ਜੀ

↓

ਮਹਾਰਾਜਾ ਬਰਦਾਈਸੈਨ ਜੀ

↓

ਮਹਾਰਾਜਾ ਰਾਉ ਸੇਤਰਾਮ ਜੀ

↓

ਮਹਾਰਾਜਾ ਰਾਉ ਸੀਹਾ ਜੀ (ਮਾਰਵਾੜ ਰਾਜ)

↓

ਮਹਾਰਾਜਾ ਰਾਉ ਅਸਥਾਨ ਜੀ

↓

ਮਹਾਰਾਜਾ ਰਾਉ ਦੂਹੜ ਜੀ

↓

ਮਹਾਰਾਜਾ ਰਾਉ ਰਾਇਪਾਲ ਜੀ

↓

ਮਹਾਰਾਜਾ ਰਾਉ ਕਾਹਨਾ ਪਾਲ ਜੀ

↓

ਮਹਾਰਾਜਾ ਰਾਉ ਜਲ੍ਹਾਨ ਸੀ ਜੀ

↓

ਮਹਾਰਾਜਾ ਰਾਉ ਚੰਦ ਜੀ

↓

ਮਹਾਰਾਜਾ ਰਾਉ ਟੀਡਾ ਜੀ

↓

ਮਹਾਰਾਜਾ ਰਾਉ ਸਲਖੋ ਜੀ

↓

ਮਹਾਰਾਜਾ ਰਾਉ ਵੀਰਮਦੇਵ ਜੀ (ਬੀਰਮਮੋਤ ਰਾਠੌਰ ਰਾਜਪੂਤ ਸ਼ਾਖਾ)

↓

ਮਹਾਰਾਜਾ ਰਾਉ ਚੂੰਡਾ ਜੀ (ਚੂੰਡਾਗਢ) (ਚੂੰਡਾਵਤ ਰਾਠੌਰ ਰਾਜਪੂਤ ਸ਼ਾਖਾ)

↓

ਮਹਾਰਾਜਾ ਰਾਉ ਰਿੜਮਲ ਜੀ (ਰਿੜਮਲੋਤ ਰਾਠੌਰ ਰਾਜਪੂਤ ਸ਼ਾਖਾ)

↓ → ਮਹਾਰਾਜਾ ਰਾਵ/ਰਾਉ ਜੋਧਾ ਜੀ (ਜੋਧਪੁਰ ਸ਼ਹਿਰ ਵਸਾਇਆ)

ਰਾਜਾ ਰਾਉ ਲਾਖਾ ਜੀ

(ਰਾਨੀਸਗਾਂਵ, ਕਾਲੀਝਾਲ, ਔਵਾ ਰਾਠੌਰ ਰਾਜਪੂਤ ਠਿਕਾਣਿਆਂ ਦੇ ਠਾਕੁਰ)

ਲਾਖਾਵਤ ਰਾਠੌਰ ਰਾਜਪੂਤ ਸ਼ਾਖਾ)

↓

ਰਾਜਾ ਰਾਉ ਜੀਵਨ ਸਿੰਘ ਜੀ

(ਜੋਧਪੁਰ ਰਾਤਾਂਡਾਗਢ ਵਿਖੇ ਹਵੇਲੀ ਬਣਵਾਕੇ ਰਿਹਾਇਸ਼ ਕੀਤੀ)

↓

ਰਾਜਾ ਰਾਉ ਰਾਮ ਸਿੰਘ ਜੀ

↓

ਰਾਜਾ ਰਾਉ ਸੱਲ੍ਹਾ ਜੀ

↓

ਰਾਜਾ ਰਾਉ ਨਾਥੂ ਜੀ

↓ → *ਰਾਜਾ ਰਾਮ ਜੀ ਰਾਠੌਰ। (ਗਵਾਲੀਅਰ ਦੇ ਕਿਲ੍ਹੇ ਤੋਂ ਗੁਰੂ ਹਰਿਗੋਬਿੰਦ ਜੀ ਨਾਲ ਰਿਹਾ ਹੋ ਕੇ ਆਏ)

ਰਾਜਾ ਰਾਉ ਊਦਾ ਜੀ

(ਉਦਾਵਤ ਰਾਠੌਰ ਰਾਜਪੂਤ) (ਮਾਰਵਾੜ ਦੇ ਪਤਨ ਤੋਂ ਬਾਅਦ ਪੰਜਾਬ ਆਏ)

↓

---

*ਗਵਾਲੀਅਰ ਦੇ ਕਿਲੇ ਤੋਂ 52 ਰਾਜਪੂਤ ਰਾਜਿਆਂ ਵਿੱਚ ਰਿਹਾ ਹੋ ਕੇ ਆਏ ਰਾਜਾ ਰਾਮ ਜੀ ਰਾਠੌਰ ਗੁਰੂ ਹਰਿਗੋਬਿੰਦ ਜੀ ਨਾਲ ਸਤੀ ਹੋ ਗਏ ਸਨ। ਇਸ ਘਟਨਾ ਦਾ ਜ਼ਿਕਰ, ਸਮਕਾਲੀਨ ਫ਼ਾਰਸੀ ਰਿਕਾਰਡ 'ਦਬਿਸਤਾਨ-ਮਜ਼ਹਬ' ਵਿੱਚ ਇਸ ਤਰ੍ਹਾਂ ਹੈ- "On sunday, 6 Muharram 1055 Hijri (5 March 1645) the guru departed from this world. When his body was put on firewood and the pyre was lighted and the flames rose, Raja Ram, by name, a Rajput threw himself into the fire, he walked a few steps through the fire in order to reach the Guru's feet, and put his head upon the soles of his feet and did not move, till the life become extinct.

ਰਾਉ ਮਾਂਡਨ ਜੀ (ਸਿੱਖਾਂ ਦੀ ਪਹਿਲੀ ਲੜਾਈ ਦੀ ਅਗਵਾਈ ਕੀਤੀ)

↓

ਰਾਉ ਸੁਖਰਾਜ/ਸੁਖਾ ਜੀ (ਸੁਕਰਚੱਕ ਵਸਾਇਆ)

↓

ਰਾਜਾ ਰਾਉ ਸੰਹਿਸਾ* ਜੀ ਰਾਠੌਰ (ਸਾਂਸੀਆਨੇ ਰਾਠੌਰ ਰਾਜਪੂਤ ਸ਼ਾਖਾ)
(ਸੋਧਰਾ, ਲਾਡਵਾ, ਫਿਲੌਰ ਅਤੇ ਅੰਮ੍ਰਿਤਸਰ ਵਿੱਚ ਜਗੀਰ)

↓

ਰਾਉ ਅੱਡਾ ਜੀ (ਪਿਤਾ ਤੋਂ ਲਾਡਵਾ ਦਾ ਰਾਜ ਮਿਲਿਆ)

↓

ਰਾਉ ਡੱਲਾ ਜੀ/ਸਰਦਾਰ ਡੱਲਾ ਸਿੰਘ ਜੀ (ਡੱਲੇਵਾਲ ਕਿਲ੍ਹਾ ਕਾਇਮ ਕੀਤਾ)

↓

ਮਹਾਰਾਜਾ ਗੁਲਾਬ ਸਿੰਘ ਰਾਠੌਰ (ਡੱਲੇਵਾਲੀਆ ਮਿਸਲ ਦੇ ਬਾਨੀ)

↓

ਲਾਡਵਾ ਦੇ ਰਾਜਾ ਭਾਗ ਸਿੰਘ

↓

ਰਾਜਾ ਗੁਰਦਿੱਤ ਸਿੰਘ

↓

ਰਾਜਾ ਅਜੀਤ ਸਿੰਘ ਲਾਡਵਾ** (ਸ਼ਹੀਦ ਬਿਲਾਸ ਭਾਈ ਮਨੀ ਸਿੰਘ ਲਿਖਵਾਈ)

---

* ਰਾਜਾ ਰਾਉ ਸਹਿੰਸਾ ਜੀ ਰਾਠੌਰ ਇਸ ਵੰਸ਼ ਦੇ ਜੋਧਪੁਰ ਤੋਂ ਪੰਜਾਬ ਆਉਣ ਤੋਂ ਬਾਅਦ ਪਹਿਲੇ ਰਾਜਾ ਹੋਏ ਸਨ। ਰਾਜਪੂਤ ਸਿੱਖਾਂ ਦੀਆਂ ਰਾਏ ਭੱਟ ਖਿਆਤਾਂ ਦੇ ਅਨੁਸਾਰ, ਰਾਜਾ ਸਹਿੰਸਾ/ਸਾਂਸਾ ਜੀ ਰਾਠੌਰ ਜੀ ਨੇ ਸਾਂਸੀਆਨੇ ਰਾਠੌਰ ਰਾਜਪੂਤ ਸ਼ਾਖਾ ਦੀ ਸ਼ੁਰੂਆਤ ਕੀਤੀ ਸੀ। ਉਮਦਾਤ-ਉਤ-ਤਵਾਰੀਖ, ਮਹਾਰਾਜਾ ਰਣਜੀਤ ਸਿੰਘ ਜੀ ਦਾ ਸਮਕਾਲੀ ਦਰਬਾਰੀ ਰਿਕਾਰਡ ਹੈ, ਜੋ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਰਾਜਾ ਸਹਿੰਸਾ ਜੀ, ਮਹਾਰਾਜਾ ਰਣਜੀਤ ਸਿੰਘ ਜੀ ਪਰਿਵਾਰ ਦੇ ਪਹਿਲੇ ਰਾਜਾ ਸਨ, ਜਿਨ੍ਹਾ ਨੂੰ ਔਰੰਗਜ਼ੇਬ ਦੇ ਸ਼ਾਸਨਕਾਲ ਵਿੱਚ ਰਾਜਾ ਦਾ ਦਰਜਾ ਹਾਸਿਲ ਹੋਇਆ। ਭੱਟ ਵਹੀਆਂ ਮੁਤਾਬਕ ਵੀ ਰਾਜਾ ਸਹਿੰਸਾ ਜੀ ਰਾਠੌਰ ਔਰੰਗਜ਼ੇਬ ਦੇ ਸਮਕਾਲੀ ਸਨ, ਜਿਨ੍ਹਾਂ ਨੇ ਰਾਜਾ ਦਾ ਖਿਤਾਬ ਲੈ ਕੇ, ਸਾਂਸੀਆਨੇ ਰਾਠੌਰ ਨਾਮ ਦੀ ਇੱਕ ਨਵੀਂ ਰਾਠੌਰ ਰਾਜਪੂਤ ਸ਼ਾਖਾ ਆਰੰਭੀ।

**ਲਾਡਵਾ ਦੇ **ਰਾਜਾ ਅਜੀਤ ਸਿੰਘ, ਮਹਾਰਾਜਾ ਰਣਜੀਤ ਸਿਘ ਦੇ ਚਚੇਰੇ ਭਰਾ ਸਨ** ਅਤੇ ਡੱਲੇਵਾਲੀਆ ਪਰਿਵਾਰ ਦੇ ਵਾਰਿਸ ਸਨ, ਜਿਸਦੇ ਸੰਸਥਾਪਕ ਅਤੇ ਮੋਢੀ ਮਹਾਰਾਜਾ ਗੁਲਾਬ ਸਿੰਘ ਰਾਠੌਰ ਸਨ।

ਬ੍ਰਿਟਿਸ਼ ਸਰਕਾਰ ਅਤੇ ਜੱਦੀ ਰਾਜਾਂ ਵਿੱਚਕਾਰ ਮੌਜੂਦਾ ਰਾਜਨੀਤਿਕ ਸਬੰਧਾਂ ਬਾਰੇ - ਪੰਨਾ ਨੰ. 83 ਵਿੱਚ ਰਾਜਾ ਅਜੀਤ ਸਿੰਘ ਲਾਡਵਾ ਦੀ ਡੱਲੇਵਾਲੀਆ ਪਰਿਵਾਰ ਦੇ ਹੋਣ ਦੀ ਗਵਾਹੀ ਇਸ ਤਰ੍ਹਾਂ ਮਿਲਦੀ ਹੈ—

On the political relations existing between the British government and the native states. page no. - 83

RAJA AJEET SINGH, this chief is of the Dullehwalleh tribe, he is connected with the present ruler of the Punjab (Maharaja Ranjit singh)."

ਅਨੁਵਾਦ- "ਰਾਜਾ ਅਜੀਤ ਸਿੰਘ, ਇਹ ਸਰਦਾਰ ਡੱਲੇਵਾਲੀਆ ਪਰਿਵਾਰ ਦਾ ਹੈ, ਉਹ ਪੰਜਾਬ ਦੇ ਮੌਜੂਦਾ ਸ਼ਾਸਕ (ਮਹਾਰਾਜਾ ਰਣਜੀਤ ਸਿੰਘ) ਦੇ ਪਰਿਵਾਰ ਵਿੱਚੋਂ ਵੀ ਹੈ।"

ਤਜ਼ਕੀਰਤ-ਉਲ-ਉਮਰਾ, 1820 ਵਿੱਚ ਲਿਖੀ ਗਈ ਹੈ, ਜਿਸ ਦੇ ਵਿੱਚ ਸਪੱਸ਼ਟ ਤੌਰ ਤੇ ਜ਼ਿਕਰ ਕੀਤਾ ਗਿਆ ਹੈ ਕਿ ਰਾਜਾ ਅਜੀਤ ਸਿੰਘ ਲਾਡਵਾ ਦੇ ਪੁਰਖਿਆ ਦਾ ਜਨਮ ਪਿੰਡ ਡੱਲੇਵਾਲ ਵਿੱਚ ਹੋਇਆ ਸੀ ਜਿੱਥੋਂ ਡੱਲੇਵਾਲੀਆ ਪਰਿਵਾਰ ਦੀ ਸਥਾਪਨਾ ਹੋਈ ਸੀ। ਤਜ਼ਕੀਰਤ-ਉਲ-ਉਮਰਾ, 1820 ਵਿੱਚ ਰਾਜਾ ਅਜੀਤ ਸਿੰਘ ਲਾਡਵਾ ਨੂੰ ਡਲੇਵਾਲੀਆ ਪਰਿਵਾਰ ਅਤੇ ਮਿਸਲ ਵਿੱਚੋਂ ਹੀ ਲਿਖਿਆ ਮਿਲਦਾ ਹੈ।

ਸਾਨੂੰ ਇਨ੍ਹਾਂ ਬਿਰਤਾਂਤਾਂ ਦੁਆਰਾ ਯਕੀਨ ਹੋ ਜਾਂਦਾ ਹੈ ਕਿ ਰਾਜਾ ਅਜੀਤ ਸਿੰਘ ਲਾਡਵਾ ਦਰਅਸਲ ਡੱਲੇਵਾਲੀਆ ਪਰਿਵਾਰ ਦੇ ਹੀ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਵਿੱਚੋਂ ਹੀ ਸਨ। ਹੁਣ ਅਸੀਂ ਡੱਲੇਵਾਲੀਆ ਪਰਿਵਾਰ ਦੇ ਬਾਨੀ ਅਤੇ ਮੋਢੀ ਦੇ ਰੂਪ ਵਿੱਚ ਮਹਾਰਾਜਾ ਗੁਲਾਬ ਸਿੰਘ ਰਾਠੌਰ ਬਾਰੇ ਜ਼ਿਕਰ ਕੀਤੇ ਗਏ ਪ੍ਰਮਾਣਿਤ ਇਤਿਹਾਸਕ ਤੱਥ ਦੇਖਦੇ ਹਾਂ।

GULAB SINGH RATHORE, FOUNDER OF DALLEWALIA MISL

Sikhs began to call him **Gulab Singh Rathore**, during Nadir Shah's invasions...

—(The History of the Sikhs : The Sikh Commonwealth or Rise and fall of Sikh Misls)

ਅਨੁਵਾਦ- "ਗੁਲਾਬ ਸਿੰਘ, ਡਲੇਵਾਲੀਆ ਪਰਿਵਾਰ ਦੇ ਮੋਢੀ ਸਨ, ਸਿੱਖ ਨਾਦਿਰ ਸ਼ਾਹ ਦੇ ਹਮਲਿਆਂ ਦੌਰਾਨ ਉਨ੍ਹਾਂ ਨੂੰ **ਗੁਲਾਬ ਸਿੰਘ ਰਾਠੌਰ** ਕਹਿ ਕੇ ਸੰਬੋਧਿਤ ਕਰਿਆ ਕਰਦੇ ਸਨ"

ਇਹ ਇਤਿਹਾਸਕ ਹਵਾਲੇ ਪੜ੍ਹ ਕੇ ਸਾਨੂੰ ਪਤਾ ਚਲਦਾ ਹੈ ਕਿ ਰਾਜਾ ਅਜੀਤ ਸਿੰਘ ਲਾਡਵਾ ਡੱਲੇਵਾਲੀਆ ਦੇ ਬਜ਼ੁਰਗ ਮਹਾਰਾਜਾ ਗੁਲਾਬ ਸਿੰਘ ਰਾਠੌਰ ਨੇ ਡੱਲੇਵਾਲੀਆ ਮਿਸਲ ਵਰਗੀ ਸ਼ਕਤੀਸ਼ਾਲੀ ਮਿਸਲ ਦੀ ਨੀਂਵ ਰੱਖੀ ਸੀ, ਜੋ ਫ਼ਿਲੌਰ ਦੇ ਸ਼ਕਤੀਸ਼ਾਲੀ ਕਿਲ੍ਹੇ ਤੋਂ ਲੈ ਕੇ ਮੌਜੂਦਾ ਹਰਿਆਣੇ ਦੇ ਯੁਮਨਾਨਗਰ ਅਤੇ ਥਾਨੇਸਰ ਤੱਕ ਫੈਲੀ ਹੋਈ ਸੀ।

ਇਸ ਤੋਂ ਇਲਾਵਾ Lepel Griffin, ਨੇ ਆਪਣੀ ਪੁਸਤਕ, Panjab Chiefs, ਵਿੱਚ ਸਪਸ਼ਟ ਅੱਖਰਾਂ ਨਾਲ **ਗੁਲਾਬ ਸਿੰਘ ਰਾਠੌਰ** ਨੂੰ ਹੀ ਡੱਲੇਵਾਲੀਆ ਮਿਸਲ ਦਾ ਮੋਢੀ ਅਤੇ ਸਥਾਪਨਾਕਾਰ ਲਿਖਿਆ ਹੈ।

ਇਸ ਤਰ੍ਹਾਂ ਇਹ ਕਈ ਖਾਤਿਆਂ ਤੋਂ ਪੱਕਾ ਹੋ ਜਾਂਦਾ ਹੈ ਕਿ ਰਾਜਾ ਅਜੀਤ ਸਿੰਘ ਲਾਡਵਾ, ਡੱਲੇਵਾਲੀਆ ਪਰਿਵਾਰ ਨਾਲ ਸੰਬੰਧਤ ਸਨ ਜਿਸਦੇ ਮੋਢੀ ਮਹਾਰਾਜਾ ਗੁਲਾਬ ਸਿੰਘ ਰਾਠੌਰ ਸਨ। ਇਹ ਰਾਜਪੂਤ ਸਿੱਖਾਂ ਦੇ ਰਾਏ ਭੱਟ ਖਿਆਤਾਂ ਵਿੱਚਲੇ ਬਿਰਤਾਂਤਾਂ ਦੇ ਅਨੁਸਾਰ ਵੀ ਠੀਕ ਹੈ।

ਇਸ ਲਈ, ਰਾਠੌਰ ਰਾਜਪੂਤ ਰਾਜਾ, ਅਜੀਤ ਸਿੰਘ ਲਾਡਵਾ ਡੱਲੇਵਾਲੀਆ ਨੇ ਇੱਕ ਪਿੰਡ ਆਪਣੇ ਰਾਏ ਭੱਟਾਂ ਨੂੰ ਦਾਨ ਦਿੱਤਾ ਜਿੱਥੇ ਉਨ੍ਹਾਂ ਨੇ ਇਸ ਮਹਾਂਕਾਵਿ "ਸ਼ਹੀਦ ਬਿਲਾਸ ਭਾਈ ਮਨੀ ਸਿੰਘ" ਦੀ ਰਚਨਾ ਕਰਵਾਈ।

❐

## ਅਧਿਆਇ 4

# ਭਾਈ ਮਨੀ ਸਿੰਘ ਜੀ ਦਾ ਜਨਮ

**ਸਤ੍ਰਹ ਸੈ ਇੱਕ ਬੀਤਯੋ, ਸੰਬਤ ਬਿਕ੍ਰਮ ਰਾਇ।**
**ਚੇਤ ਸੁਦੀ ਥਿਤ ਦ੍ਵਾਦਸ਼ੀ, ਰਵੀ ਵਾਰ ਦਿਨ ਥਾਇ। 6।**
**ਮਧਰੀ ਕੇ ਕੁਖੋ ਭਯੋ, ਮਨੀ ਸਿੰਘ ਬੁਧਿਮਾਨ।**
**ਗਾਥਾ ਆਗੇ ਕੀ ਕਥੂੰ, ਯਥਾ ਬੁਧਿ ਬਲ ਗਯਾਨ। 10।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਗੁਰੂ ਗ੍ਰੰਥ ਸਾਹਿਬ ਵਿੱਚ ਆਪਣੇ ਸਵੱਯੇ ਰਚਿਤ ਕਰਨ ਵਾਲੇ ਮਹਾਂਪੰਡਿਤ, ਪੰਡਿਤ ਭੱਟ ਕੀਰਤ ਜੀ ਦੇ ਪੁੱਤਰ ਪੰਡਿਤ ਬੋਹਥ ਭੱਟ ਜੀ ਨੇ ਮਨੀ ਸਿੰਘ ਜੀ ਦੇ ਜਨਮ ਦਾ ਇਸ ਤਰ੍ਹਾਂ ਜ਼ਿਕਰ ਦਿੱਤਾ ਹੈ-

''ਬਧਾਈ ਲੀ ਮਨੀ ਰਾਮ ਕੀ, ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਰਾਇ ਕਾ, ਪੜਪੋਤਾ ਮੂਲੇ ਕਾ, ਚੰਦਰਵੰਸ਼ੀ ਭਾਰਦਵਾਜ ਗੋਤਰ ਪੰਵਾਰ ਵੰਸ਼, ਸੰਬਤ 1701 ਬਰਖੇ ਮਾਹ ਚੇਤਰ ਸੁਦੀ ਦੁਆਦਸੀ ਰਵੀ ਵਾਰ ਸੁਭ ਵਾਰ ਸੁਭ ਘੜੀ ਜਨਮ ਹੂਆ, ਕੁਲ ਪ੍ਰੋਹਤ ਬੋਹਥ ਭੱਟ ਕੋ ਮਾਨਾ, ਗੁਰੂ ਕੀ ਕੜਾਹੀ ਕੀ।'' (ਪੰਡਿਤ ਭੱਟ ਬੋਹਥ ਜੀ)

ਅਲੀਪੁਰ ਰਿਆਸਤ ਦੇ ਠਾਕੁਰ, ਰਾਉ ਮਾਈਦਾਸ* ਜੀ ਪੰਵਾਰ ਦੀਆਂ ਕਈ ਪਤਨੀਆਂ ਸਨ। ਇਨ੍ਹਾਂ ਵਿੱਚੋਂ ਰਾਣੀ ਮਧਰੀ ਬਾਈ ਜੀ ਨੇ ਸੱਤ ਸਪੁੱਤਰਾਂ ਨੂੰ ਜਨਮ ਦਿੱਤਾ—

---

* ਅਲੀਪੁਰ ਰਿਆਸਤ ਦੇ ਠਾਕੁਰ ਰਾਉ ਮਾਈਦਾਸ ਮੁਗਲ ਬਾਦਸ਼ਾਹ ਸ਼ਾਹ ਜਹਾਨ ਨਾਲ ਚੰਗੇ ਸੰਬੰਧ ਰੱਖਦੇ ਸਨ। ਯਾਦ ਰਹੇ ਕਿ ਸਿੱਖਾਂ ਨਾਲ ਦੁਸ਼ਮਣੀ ਰੱਖਣ ਵਾਲੇ ਜਹਾਂਗੀਰ, ਔਰੰਗਜ਼ੇਬ ਅਤੇ ਫ਼ਰੂਕਸ਼ੀਅਰ ਵਰਗੇ ਮੁਗਲ ਬਾਦਸ਼ਾਹ ਹੀ ਸਨ। ਅਕਬਰ ਅਤੇ ਸ਼ਾਹ ਜਹਾਨ ਸਿੱਖ ਗੁਰੂਆਂ ਨਾਲ ਚੰਗੇ ਸੰਬੰਧ ਰੱਖਦੇ ਸਨ।

**ਮਾਈਦਾਸ ਸ਼ਾਹ ਜਹਾਨ ਕੋ ਮਿਲਿਆ, ਵੇਖੇ ਹਿੰਦੂ ਮੁਸਲਮਾਨ**
**ਧੰਨ ਮਾਈਦਾਸ ਧਰਮ ਕੀ ਧਰਮਸਾਲ ਬੰਧਾਈ, ਤੇਰਾ ਲੰਗਰ ਆਬਾਦਾਨ**
**ਤੇਰੀ ਮਦਦ ਗੁਰੂ ਚੱਕ ਵਾਲਾ, ਦੀਆ ਦਾਨ ਲੱਖ ਦਾਨ।**
**ਜੱਸ ਜੋੜ ਚੋਖਾ ਭੱਟ ਗਾਵੈ।** (ਪੰਡਿਤ ਭੱਟ ਚੋਖਾ ਜੀ ਦੁਆਰਾ 1636 ਵਿੱਚ ਲਿਖਿਆ ਗਿਆ, **ਜਿਨ੍ਹਾਂ ਦੇ ਭਰਾਤਾ ਪੰਡਿਤ ਭਿਖਾ ਭੱਟ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਹੈ)**

ਸੋ ਅਲੀਪੁਰ ਰਿਆਸਤ ਦੇ ਠਾਕੁਰ ਮਾਈਦਾਸ ਜੀ ਨੇ ਧਰਮਸਾਲ ਵੀ ਬਣਵਾਈ ਅਤੇ ਉਸ ਜ਼ਮਾਨੇ ਦਾ 1 ਲੱਖ ਰੁਪਿਆ ਗੁਰੂ ਸਾਹਿਬਾਂ ਨੂੰ ਦਾਨ ਕੀਤਾ। ਇਸ ਦਾ ਵਰਨਣ ਰਾਜਪੂਤ ਸਿੱਖਾਂ ਦੇ ਦਰਬਾਰੀ ਭੱਟ, ਪੰਡਿਤ ਚੋਖਾ ਜੀ ਭੱਟ ਨੇ ਕੀਤਾ ਹੈ।

ਕੁੱਝ ਮੁਗਲ ਬਾਦਸ਼ਾਹ ਵੀ ਰਾਜਪੂਤ ਰਿਆਸਤਾਂ ਨਾਲ ਚੰਗੇ ਸੰਬੰਧ ਚਾਹੁੰਦੇ ਸਨ, ਕਿਉਂਕਿ ਰਾਜਪੂਤਾਂ ਨਾਲ ਵਿਗਾੜ ਕੇ ਮੁਗਲ ਭਾਰਤ ਉੱਤੇ ਕਦੇ ਰਾਜ ਨਹੀਂ ਕਰ ਸਕਦੇ ਸਨ।

1. ਕੁੰਵਰ ਜੇਠਾ ਜੀ
2. ਕੁੰਵਰ ਦਿਆਲ ਦਾਸ ਜੀ
3. ਕੁੰਵਰ ਮਨੀ ਸਿੰਘ ਜੀ
4. ਕੁੰਵਰ ਦਾਨ ਸਿੰਘ ਜੀ
5. ਕੁੰਵਰ ਮਾਨ ਸਿੰਘ ਜੀ
6. ਕੁੰਵਰ ਅਮਰ ਚੰਦ ਜੀ
7. ਕੁੰਵਰ ਰੂਪ ਸਿੰਘ ਜੀ

ਰਾਉ ਮਾਈਦਾਸ ਜੀ ਦੀ ਦੂਜੀ ਪਤਨੀ ਰਾਣੀ ਲਡਿਕੀ ਬਾਈ ਜੀ ਤੋਂ 5 ਸਪੁੱਤਰ ਪੈਦਾ ਹੋਏ—

1. ਕੁੰਵਰ ਜਗਤ ਸਿੰਘ ਜੀ
2. ਕੁੰਵਰ ਸੋਹਨ ਚੰਦ ਜੀ
3. ਕੁੰਵਰ ਲਹਿਣਾ ਸਿੰਘ ਜੀ
4. ਕੁੰਵਰ ਰਾਏ ਸਿੰਘ ਜੀ
5. ਕੁੰਵਰ ਹਾਥੀ ਚੰਦ ਜੀ

ਇਨ੍ਹਾਂ 12 ਵਿੱਚੋਂ 11 ਰਾਜਕੁੰਵਰ ਮੁਗਲਾਂ ਨਾਲ ਲੜਾਈਆਂ ਵਿੱਚ ਸਮੇਂ-ਸਮੇਂ ਤੇ ਸ਼ਹੀਦ ਹੋਏ ਹਨ, ਜਿਨ੍ਹਾਂ ਦੀ ਸੂਰਮਦਾਈ ਦੇ ਕਿੱਸੇ ਰਾਏ ਭੱਟ ਅੱਜਤਕ ਦੱਸਦੇ ਹਨ।

❐

### ਅਧਿਆਇ 5

# ਅਲੀਪੁਰ ਰਾਜ ਤੋਂ ਅਨੰਦਪੁਰ ਦੇ ਕਿਲ੍ਹਿਆ ਤੱਕ

ਭਾਈ ਮਨੀ ਸਿੰਘ ਜੀ ਦੇ ਜਨਮ ਤੋਂ ਬਾਅਦ, ਉਨ੍ਹਾਂ ਦੇ ਪਿਤਾ ਰਾਉ ਮਾਈ ਦਾਸ ਜੀ ਅਲੀਪੁਰ ਰਿਆਸਤ ਤੋਂ ਕੀਰਤਪੁਰ ਸਾਹਿਬ ਵਿੱਚ ਸੱਤਵੇਂ ਗੁਰੂ, ਗੁਰੂ ਹਰਿ ਰਾਏ ਜੀ ਨੂੰ ਮਿਲਣ ਲਈ ਕੁੰਵਰ ਮਨੀ ਰਾਮ ਜੀ ਨੂੰ ਨਾਲ ਲੈ ਕੇ ਆਏ। ਗੁਰੂ ਜੀ ਨੇ ਯੁਵਾ ਅਵਸਥਾ; ਦੇ ਕੁੰਵਰ ਮਨੀ ਰਾਮ ਜੀ ਨੂੰ ਮਿਲਣ ਤੋਂ ਬਾਅਦ ਕਿਹਾ ਕਿ ਲੜਕਾ ਭਵਿੱਖ ਵਿੱਚ ਇੱਕ ਮਹਾਨ ਆਦਮੀ ਬਣ ਜਾਵੇਗਾ ਅਤੇ ਉਨ੍ਹਾਂ ਨੂੰ ਅਸ਼ੀਰਵਾਦ ਵੀ ਦਿੱਤਾ।

ਨੌਜਵਾਨ ਕੁੰਵਰ ਮਨੀ ਰਾਮ ਅਧਿਆਤਮਕ ਸਾਹਿਤ ਪੜ੍ਹਨ ਅਤੇ ਸਿੱਖ ਗੁਰੂਆਂ ਨਾਲ ਕੀਰਤਪੁਰ ਵਿਖੇ ਹੋਰ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਦੋ ਸਾਲ ਕੀਰਤਪੁਰ ਵਿੱਚ ਰਹੇ। ਇਹ ਗੁਰੂਕੁਲ ਦੀ ਤਰ੍ਹਾਂ ਹੈ ਜਿੱਥੇ ਨੌਜਵਾਨ ਰਾਜਪੂਤ ਰਾਜਕੁਮਾਰਾਂ ਨੂੰ ਆਪਣੀ ਜਵਾਨੀ ਵਿੱਚ ਵਿੱਦਿਆ ਹਾਸਲ ਕਰਨ ਲਈ ਭੇਜਿਆ ਜਾਂਦਾ ਸੀ। ਇਹ ਵੀ ਫੈਸਲਾ ਲਿਆ ਗਿਆ ਕਿ ਕੁੰਵਰ ਮਨੀ ਰਾਮ ਜੀ ਜਦੋਂ ਜਵਾਨ ਹੋ ਜਾਣਗੇ, ਅਲੀਪੁਰ ਰਾਜ ਦੇ ਰਾਜਪੂਤਾਂ ਦੀ ਇੱਕ ਫ਼ੌਜੀ ਟੁਕੜੀ ਦੀ ਅਗਵਾਈ ਕਰਨ ਲਈ ਸਿੱਖ ਗੁਰੂਆਂ ਨਾਲ ਅਨੰਦਪੁਰ ਵਿਖੇ ਰਹਿਣਗੇ।

ਦਰਅਸਲ ਅਲੀਪੁਰ ਰਿਆਸਤ ਵਾਂਗ ਮੁਲਤਾਨ, ਚੋਲੀਸਤਾਨ ਅਤੇ ਸਿੰਧ ਦੇ ਬਾਕੀ ਦੇ ਰਾਜਪੂਤ ਰਾਜਾਂ ਤੋਂ ਕੁਝ ਘੋੜ ਸਵਾਰ ਅਤੇ ਪੈਦਲ ਰਾਜਪੂਤੀ ਫੌਜਾਂ ਗੁਰੂ ਸਾਹਿਬਾਨਾਂ ਦੇ ਅੰਗ-ਸੰਗ ਰਿਹਾ ਕਰਦੀਆਂ ਸਨ। ਰਾਏ ਭੱਟ ਖਿਆਤਾਂ ਵਿੱਚ ਵੀ ਇਹ ਇਸ ਤਰ੍ਹਾਂ ਝਲਕਦਾ ਹੈ—

**ਘੋੜੇ ਬੀਸ ਪਚਾਸ ਗਿਨਤੀ ਦੇ ਆਯੇ, ਪੈਦਲ ਆਏ ਬਹੁ ਰਾਜਪੂਤਾ**
**ਧੰਨ ਧੰਨ ਮਾਤਾ ਮਧਰੀ ਬਾਈ, ਤੌ ਜਾਇਆ ਮਨੀ ਰਾਮ ਪੂਤ ਸੁਪੂਤਾ**

**(ਪੰਡਿਤ ਭੱਟ ਦੇਸਾ ਸਿੰਘ ਜੀ ਦੁਆਰਾ 1693 ਵਿੱਚ ਆਨੰਦਪੁਰ ਵਿਖੇ ਲਿਖਿਆ ਗਿਆ)**

ਪੰਡਿਤ ਭੱਟ ਦੇਸਾ ਸਿੰਘ ਜੀ ਦੁਆਰਾ ਆਪਣੀਆਂ ਖਿਆਤਾਂ ਵਿੱਚ ਲਿਖੀਆਂ ਇਹ ਕਈ ਸਦੀਆਂ ਪੁਰਾਣੀਆਂ ਤੁਕਾਂ ਤੋਂ ਪਤਾ ਚਲਦਾ ਹੈ ਕਿ ਅਲੀਪੁਰ ਰਿਆਸਤ ਦੇ ਰਾਜਪੂਤ ਰਾਜੇ, ਬਹੁਤ ਸਾਰੇ ਰਾਜਪੂਤ ਘੋੜਸਵਾਰਾਂ ਅਤੇ ਪੈਦਲ ਫ਼ੌਜੀਆਂ ਨੂੰ ਕੀਰਤਪੁਰ ਅਤੇ

ਅਨੰਦਪੁਰ ਵਿਖੇ ਕਿਲ੍ਹਿਆਂ ਦੀ ਅਗਵਾਈ ਲਈ ਤਾਇਨਾਤ ਰੱਖਦੇ ਸਨ।

ਕੁੰਵਰ ਮਨੀ ਸਿੰਘ ਜੀ ਤੋਂ ਇਲਾਵਾ ਖੈਰਪੁਰ, ਖੈਰਗੜ ਅਤੇ ਬਿਜਨੌਤ ਦੇ ਰਾਜਪੂਤ ਰਾਜਿਆਂ ਨੇ ਵੀ ਆਪਣੀ ਕੁੱਝ ਫ਼ੌਜ ਅਨੰਦਪੁਰ ਸਾਹਿਬ ਦੇ ਕਿਲ੍ਹਿਆਂ ਦੀ ਰਾਖੀ ਲਈ ਰੱਖੀ ਹੋਈ ਸੀ। ਸੋਧਰਾ ਪਰਗਣਾ ਦੇ ਸੂਰਵੀਰ ਰਾਠੌਰ ਅਤੇ ਚੌਹਾਨ ਰਾਜਪੂਤ ਠਾਕੁਰਾਂ ਨੇ ਵੀ ਆਨੰਦਪੁਰ ਵਿਖੇ ਕਿਲ੍ਹਿਆਂ ਦੀ ਰਾਖੀ ਲਈ ਬਹੁਤ ਸਾਰੇ ਰਾਜਪੂਤ ਘੋੜਸਵਾਰ ਅਤੇ ਪੈਦਲ ਸੈਨਿਕਾਂ ਨੂੰ ਅਨੰਦਪੁਰ ਵਿਖੇ ਰੱਖਿਆ ਹੋਇਆ ਸੀ।

❐

## ਅਧਿਆਇ 6

# ਭਾਈ ਮਨੀ ਸਿੰਘ ਜੀ ਦਾ ਵਿਆਹ

15 ਸਾਲ ਦੀ ਉਮਰ ਵਿੱਚ ਕੁੰਵਰ ਮਨੀ ਰਾਮ ਜੀ ਨੂੰ ਉਨ੍ਹਾਂ ਦੇ ਵਿਆਹ ਲਈ ਕੀਰਤਪੁਰ ਤੋਂ ਅਲੀਪੁਰ ਦੇ ਕਿਲ੍ਹੇ ਵਿੱਚ ਬੁਲਾਇਆ ਗਿਆ। ਰਾਜਾ ਲਖੀ ਰਾਏ ਜੀ ਭੱਟੀ, ਖੈਰਪੁਰ ਟਮੇਵਾਲੀ, ਬਹਾਵਲਪੁਰ ਦਾ ਜਦੋਵੰਸ਼ੀ ਰਾਜਾ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਸਹੁਰਾ, ਅੱਜ ਦੇ ਬਹਾਵਲਪੁਰ ਵਿੱਚ ਸਥਿਤ ਖੈਰਪੁਰ ਟੰਮੇਵਾਲੀ ਠਿਕਾਣੇ* ਦਾ ਰਾਜਾ ਸੀ। ਖੈਰਪੁਰ ਟੰਮੇਵਾਲੀ (ਪਹਿਲਾਂ ਸਿਰਫ ਖੈਰਪੁਰ ਕਿਹਾ ਜਾਂਦਾ ਸੀ) ਦਾ ਇਲਾਕਾ ਜਾਦੋਵੰਸ਼ੀ ਭੱਟੀ ਰਾਜਪੂਤਾਂ ਦਾ ਗੜ੍ਹ ਸੀ ਜੋ ਜੈਸਲਮੇਰ ਤੋਂ ਲੈ ਕੇ ਦੇਰਾਵਰ ਦੇ ਸ਼ਕਤੀਸ਼ਾਲੀ ਕਿਲ੍ਹੇ ਤੱਕ ਰਾਜ ਕਰਦੇ ਸਨ। ਖੈਰਪੁਰ ਠਿਕਾਣਾ ਦੇਰਾਵਰ ਕਿਲੇ ਦੀ ਸਰਪ੍ਰਸਤੀ ਅਧੀਨ ਪੈਂਦਾ ਸੀ। ਦੇਰਾਵਰ ਕਿਲ੍ਹੇ ਅਧੀਨ ਸਾਰਾ ਇਲਾਕਾ, ਜਿਸ ਵਿੱਚ ਕਈ ਛੋਟੇ ਵੱਡੇ ਠਿਕਾਣੇ ਸਨ, ਸਭ ਜਦੋਵੰਸ਼ੀ ਭੱਟੀ ਰਾਜਪੂਤਾਂ ਦੇ ਅਧੀਨ ਸਨ। ਜਦੋਂ ਰਾਜਾ ਲਖੀ ਰਾਏ ਜੀ ਭੱਟੀ ਨੇ ਖੈਰਪੁਰ ਠਿਕਾਣੇ ਵਿੱਚ ਰਾਜ ਕੀਤਾ, ਉਸ ਸਮੇਂ ਬਹਾਵਲਪੁਰ ਨਾਮ ਦਾ ਕੋਈ ਸ਼ਹਿਰ ਨਹੀਂ ਸੀ। ਇਸ ਤੋਂ ਬਾਅਦ ਦੌੜਪੋਤਰਾਂ ਨੇ ਇਸ ਖੇਤਰ ਨੂੰ ਜਾਦੋਵੰਸ਼ੀ ਭੱਟੀ ਰਾਜਪੂਤਾਂ ਤੋਂ 1760 ਵਿੱਚ ਜਿੱਤ ਲਿਆ। ਬ੍ਰਿਟਿਸ਼ ਸ਼ਾਸਨ ਦੌਰਾਨ ਇਸ ਖੈਰਪੁਰ ਦਾ ਨਾਮ ਇੱਕ ਬ੍ਰਿਟਿਸ਼ ਅਧਿਕਾਰੀ ਦੇ ਨਾਮ ਤੇ ਖੈਰਪੁਰ ਟੰਮੇਵਾਲੀ ਪੈ ਗਿਆ।

ਜਾਦੋਂਵੰਸ਼/ਯਦੂਵੰਸ਼ ਰਾਜਪੂਤਾਂ ਦਾ ਇੱਕ ਪ੍ਰਸਿੱਧ ਵੰਸ਼ ਹੈ ਜਿਸਨੇ ਭਾਰਤ ਦੇ ਸਾਰੇ ਹਿੱਸਿਆਂ ਵਿੱਚ ਬਹੁਤ ਸਾਰੇ ਠਿਕਾਣਿਆਂ ਅਤੇ ਰਿਆਸਤਾਂ ਉੱਤੇ ਰਾਜ ਕੀਤਾ। ਇਸ ਨੂੰ ਭੱਟੀ, ਜਡੇਜਾ ਅਤੇ ਜਧੌਨ ਰਾਜਪੂਤਾਂ ਵਿੱਚ ਵੰਡਿਆ ਗਿਆ ਹੈ। ਦੇਰਾਵਰ ਕਿਲ੍ਹੇ ਦੀ ਸਥਾਪਨਾ ਜਾਦੋਵੰਸ਼ੀ ਰਾਜਪੂਤ ਮਹਾਰਾਜਾ ਜਜਾ ਜੀ ਭੱਟੀ ਦੁਆਰਾ ਕੀਤੀ ਗਈ ਸੀ। ਦੇਰਾਵਰ ਰਾਜ ਦੇ ਠਿਕਾਣੇਦਾਰ ਰਾਜਾ ਲਖੀ ਰਾਏ ਜੀ ਭੱਟੀ ਨੇ ਗੁਆਂਢੀ ਰਾਜਪੂਤ ਰਿਆਸਤ ਅਲੀਪੁਰ, ਬਿਜਨੋਟ ਅਤੇ ਖੈਰਗੜ੍ਹ ਦੇ ਸ਼ਕਤੀਸ਼ਾਲੀ ਪੰਵਾਰ ਰਾਜਪੂਤ ਸ਼ਾਸਕਾਂ ਨਾਲ ਵਿਆਹੁਤਾ ਗੱਠਜੋੜ ਕੀਤਾ।

---

*ਠਿਕਾਣਾ ਛੋਟੀਆਂ ਰਾਜਪੂਤ ਰਿਆਸਤਾਂ ਨੂੰ ਕਿਹਾ ਜਾਂਦਾ ਸੀ ਅਤੇ ਉੱਥੋਂ ਦੇ ਰਾਜਪੂਤ ਰਾਜਿਆਂ ਯਾਂ ਰਾਵਾਂ ਨੂੰ ਠਿਕਾਣੇਦਾਰ ਵੀ ਕਿਹਾ ਜਾਂਦਾ ਸੀ।

ਅਲੀਪੁਰ ਰਿਆਸਤ ਦੇ ਸ਼ਹੀਦ ਮਨੀ ਸਿੰਘ ਜੀ ਦਾ ਸਹੁਰਾ ਖੈਰਪੁਰ ਟਮੇਵਾਲੀ ਦਾ ਰਾਵ (ਰਾਜਾ) ਸੀ। ਇਸ ਦੀ ਗਵਾਹੀ ਸਿੱਖ ਇਤਿਹਾਸ ਵਿੱਚ ਸ਼ਹੀਦ ਮਨੀ ਸਿੰਘ ਜੀ ਦੇ ਵਿਆਹ ਦੇ ਇੱਕੋ ਇੱਕ ਬਿਰਤਾਂਤ ਦੁਆਰਾ ਦਿੱਤੀ ਗਈ ਹੈ। ਇਸ ਇੰਦਰਾਜ ਤੋਂ ਇਲਾਵਾ, ਸ਼ਹੀਦ ਭਾਈ ਮਨੀ ਸਿੰਘ ਜੀ ਦੇ ਵਿਆਹ ਬਾਰੇ ਪੂਰੇ ਇਤਿਹਾਸ ਵਿੱਚ ਹੋਰ ਕੋਈ ਜ਼ਿਕਰ ਨਹੀਂ ਮਿਲਦਾ। ਇਹ ਖਾਤਾ ਇਸ ਤਰ੍ਹਾਂ ਹੈ—

**ਚੜ੍ਹੀ ਜਨੇਤ ਪੁਰ ਅਲੀ ਥੀਂ, ਢੁਕੀ ਖੈਰਪੁਰ ਬੀਚ,**
**ਦੇਖਣ ਆਏ ਬਰਾਤ ਕੂੰ, ਗਾਉਂ ਥੀਂ ਊਚ ਅਰ ਨੀਚ,**
**ਤੀਰ ਸਤਦ੍ਰਵ ਨਦੀ ਕੇ, ਬਸੈ ਖੈਰਪੁਰ ਗਾਵ,**
**ਲਖੀ ਰਾਇ ਤੇ ਠਾਂ ਰਹੇ, ਜਾਦੋਬੰਸੀ ਰਾਵ (ਰਾਜਾ)।**

**(ਪੰਡਿਤ ਭੱਟ ਸੇਵਾ ਸਿੰਘ ਜੀ)**

**ਅਨੁਵਾਦ**—ਬਰਾਤ ਅਲੀਪੁਰ ਤੋਂ ਚਲ ਕੇ ਖੈਰਪੁਰ ਪਹੁੰਚੀ, ਅਤੇ ਖੈਰਪੁਰ ਦੇ ਸਾਰੇ ਉੱਚੇ ਅਤੇ ਨੀਵੇਂ ਦਰਜੇ ਦੇ ਲੋਕ ਬਰਾਤ ਨੂੰ ਦੇਖਣ ਲਈ ਪਹੁੰਚੇ। ਸਤਲੁਜ ਨਦੀ ਦੇ ਨੇੜੇ, ਖੈਰਪੁਰ ਨਾਮ ਦਾ ਸਥਾਨ ਸਥਿਤ ਹੈ, ਜਿਸ ਜਗ੍ਹਾ ਦਾ ਜਾਦੋਵੰਸ਼ੀ ਰਾਜਾ ਲਖੀਰਾਏ ਰਹਿੰਦਾ ਸੀ। ਰਾਵ, ਰਾਜਪੂਤ ਰਾਜਿਆਂ ਲਈ ਭਾਰਤੀ ਸ਼ਬਦ ਹੈ, ਜੋ ਕਿ ਰਾਜਿਆਂ ਦੇ ਜ਼ਿਕਰ ਲਈ ਅਕਸਰ ਵਰਤਿਆ ਜਾਂਦਾ ਸੀ। ਖ਼ਾਸਕਰ 15ਵੀਂ, 16ਵੀਂ, 17ਵੀਂ ਅਤੇ 18ਵੀਂ ਸਦੀ ਦੇ ਬਿਰਤਾਂਤਾਂ ਵਿੱਚ। ਮੱਧਯੁਗ ਦੇ ਭਾਰਤੀ ਸਾਹਿਤ ਵਿੱਚ 'ਰਾਵ' ਸ਼ਬਦ ਰਾਜਪੂਤ ਰਾਜਿਆਂ ਲਈ ਰਾਜਾ ਸ਼ਬਦ ਨਾਲੋਂ ਵੀ ਵੱਧ ਵਰਤਿਆ ਜਾਂਦਾ ਮਿਲਦਾ ਹੈ। ਜਿਸ ਤਰ੍ਹਾਂ ਜੋਧਪੁਰ ਦੇ ਸੰਸਥਾਪਕ ਰਾਵ ਜੋਧਾ ਜੀ, ਬੀਕਾਨੇਰ ਦੇ ਸੰਸਥਾਪਕ ਰਾਵ ਬੀਕਾ ਜੀ ਪ੍ਰਸਿੱਧ ਰਾਜੇ ਸਨ। ਹੋਰ ਵੀ ਉਦਾਹਰਨ ਹਨ, ਜਿਵੇਂ ਕਿ

**"ਰਾਵ ਕਹਿਲੂਰ ਲਿਖਾ ਹਾਂਢੂਰ ਕੋ .......ਤਬੈ ਰਾਵ ਹੰਢੂਰ ਕੋ......।।**

(ਕਵੀ ਸੈਨਾਪਤਿ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਗੁਰ ਸੋਭਾ ਗ੍ਰੰਥ)

ਸੋ ਇਸ ਤਰ੍ਹਾਂ, ਅਲੀਪੁਰ ਰਿਆਸਤ ਦੇ ਰਾਜਕੁੰਵਰ ਮਨੀ ਸਿੰਘ ਜੀ ਦਾ ਵਿਆਹ ਸਮਾਰੋਹ ਦੇਰਾਵਰੀ ਭੱਟੀ ਰਾਜਪੂਤਾਂ ਵਿੱਚ, ਉਸ ਸਮੇਂ ਦੇ ਰਾਜਪੂਤ ਰਾਜਿਆਂ ਦੁਆਰਾ ਕੀਤੇ ਜਾਂਦੇ ਹਰ ਸੰਭਵ ਜਸ਼ਨਾਂ ਨਾਲ ਸੰਪੰਨ ਹੋਇਆ।

ਕੁੰਵਰ ਮਨੀ ਸਿੰਘ ਜੀ ਦਾ ਦੂਸਰਾ ਵਿਆਹ ਚੌਹਾਨ ਰਾਜਪੂਤਾਂ ਵਿੱਚ ਹੋਇਆ ਸੀ, ਜਿਨ੍ਹਾਂ ਤੋਂ ਇੰਨ੍ਹਾਂ ਦੇ ਚਾਰ ਸਪੁੱਤਰ ਹੋਏ ਸਨ। ਰਾਜਪੂਤ ਰਾਜਿਆਂ ਅਤੇ ਰਾਜਕੁਮਾਰਾਂ ਵਿੱਚ ਇੱਕ ਤੋਂ ਵੱਧ ਵਿਆਹ ਕਰਵਾਉਣ ਦੀ ਰੀਤ ਬਹੁਤ ਆਮ ਸੀ ਜੋ ਅੰਗ੍ਰੇਜ਼ਾਂ ਦੇ ਆਉਣ ਤੱਕ ਚਲਦੀ ਰਹੀ ਸੀ। ਇੰਨ੍ਹਾਂ ਤੋਂ ਇਲਾਵਾ ਰਾਜਪੂਤਾਂ ਦੀਆਂ ਗ਼ੈਰ-ਰਾਜਪੂਤ ਪਤਨੀਆਂ ਵੀ ਹੁੰਦੀਆਂ ਸਨ ਜਿਨ੍ਹਾਂ ਦੀਆਂ ਔਲਾਦਾਂ ਨੂੰ ਰਾਜਪੂਤ ਹੋਣ ਦਾ ਦਰਜਾ ਨਹੀਂ ਦਿੱਤਾ ਜਾਂਦਾ ਸੀ।

# ਠਾਕੁਰ ਮਨੀ ਸਿੰਘ ਜੀ ਦੇ ਕੁੰਵਰ

1. ਕੁੰਵਰ ਚਿਤ੍ਰ ਸਿੰਘ ਜੀ (ਦੀਵਾਨ ਮਨੀ ਸਿੰਘ ਜੀ ਨਾਲ ਹੀ ਲਾਹੌਰ ਵਿਖੇ ਸ਼ਹੀਦ ਹੋਏ)
2. ਕੁੰਵਰ ਬਚਿੱਤ੍ਰ ਸਿੰਘ ਜੀ (ਸ਼ਰਾਬੀ ਹਾਥੀ ਨੂੰ ਮਾਰਿਆ ਅਤੇ ਦਲ ਖਾਲਸੇ ਦੀ ਅਗਵਾਈ ਕਰਦੇ ਜ਼ਖਮੀ ਹੋਣ ਮਗਰੋਂ ਕੋਟਲਾ ਨਿਹੰਗ ਖਾਨ ਵਿਖੇ ਸ਼ਹੀਦੀ ਪਾਈ)
3. ਕੁੰਵਰ ਉਦੇ ਸਿੰਘ ਜੀ (ਲੋਹਗੜ੍ਹ ਦੀ ਜੰਗ ਵਿੱਚ ਰਾਜਾ ਕੇਸਰੀ ਚੰਦ ਦਾ ਸਿਰ ਵੱਡਿਆ ਅਤੇ ਦਲ ਖਾਲਸੇ ਦੀ ਅਗਵਾਈ ਕਰਦੇ ਸ਼ਾਹੀ ਟਿੱਬੀ ਵਿਖੇ ਸ਼ਹੀਦੀ ਪਾ ਗਏ)
4. ਕੁੰਵਰ ਅਨਿਕ ਸਿੰਘ ਜੀ (ਚਮਕੌਰ ਦੀ ਗੜ੍ਹੀ ਵਿੱਚ ਆਲਮ ਸਿੰਘ ਜੀ ਚੌਹਾਨ ਦੀ ਅਗਵਾਈ ਵਿੱਚ ਸ਼ਹੀਦੀ ਪਾ ਗਏ)
5. ਕੁੰਵਰ ਅਜਬ ਸਿੰਘ ਜੀ (ਚਮਕੌਰ ਦੀ ਗੜ੍ਹੀ ਵਿੱਚ ਆਲਮ ਸਿੰਘ ਜੀ ਚੌਹਾਨ ਦੀ ਅਗਵਾਈ ਵਿੱਚ ਸ਼ਹੀਦੀ ਪਾ ਗਏ)
6. ਕੁੰਵਰ ਅਜਾਇਬ ਸਿੰਘ ਜੀ (ਚਮਕੌਰ ਦੀ ਗੜ੍ਹੀ ਵਿੱਚ ਆਲਮ ਸਿੰਘ ਜੀ ਚੌਹਾਨ ਦੀ ਅਗਵਾਹੀ ਵਿੱਚ ਸ਼ਹੀਦੀ ਪਾ ਗਏ)
7. ਕੁੰਵਰ ਗੁਰਬਖਸ਼ ਸਿੰਘ ਜੀ (ਦੀਵਾਨ ਮਨੀ ਸਿੰਘ ਜੀ ਨਾਲ ਹੀ ਲਾਹੌਰ ਵਿਖੇ ਸ਼ਹੀਦ ਹੋਏ)
8. ਕੁੰਵਰ ਭਗਵਾਨ ਸਿੰਘ ਜੀ
9. ਕੁੰਵਰ ਬਲਰਾਮ ਸਿੰਘ ਜੀ
10. ਕੁੰਵਰ ਦੇਸਾ ਸਿੰਘ ਜੀ (ਖਾਲਸਾ ਰਹਿਤਨਾਮਾ Code of Conduct ਭਾਈ ਦੇਸਾ ਸਿੰਘ ਰਹਿਤਨਾਮਾ ਦੇ ਰਚੇਤਾ)

---

*ਸਿੱਖ ਰਾਜਪੂਤਾਂ ਦੇ ਰਾਏ ਭੱਟਾਂ ਦੁਆਰਾ ਸ਼ਹੀਦ ਬਿਲਾਸ ਭਾਈ ਮਨੀ ਸਿੰਘ ਵਿੱਚ, ਮਨੀ ਸਿੰਘ ਜੀ ਦੇ ਸਹੁਰੇ ਨੂੰ ਸਪਸ਼ਟ ਤੌਰ ਤੇ ਖੈਰਪੁਰ ਠਿਕਾਣੇ ਦਾ ਰਾਵ ਜਾਂ ਰਾਜਾ ਲਿਖਿਆ ਗਿਆ ਹੈ। ਕੁਝ ਸ਼ਰਾਰਤੀ ਗੈਰ-ਰਾਜਪੂਤ ਲੇਖਕਾਂ ਵੱਲੋਂ ਪਿਛਲੇ ਕੁੱਝ ਕੁ ਸਾਲਾਂ ਤੋਂ, ਇਤਿਹਾਸ ਦਾ ਰਲਗਡ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਨਾਲ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਵੰਸ਼ਜਾਂ ਅਤੇ ਅਨ ਰਾਜਪੂਤਾਂ ਵਿੱਚ ਰੋਹ ਹੈ। ੧੯ਵੀਂ ਸਦੀ ਦੇ ਸ਼ਹੀਦ ਬਿਲਾਸ ਦੇ ਲੇਖਕ ਨੇ, ਮਨੀ ਸਿੰਘ ਜੀ ਦੇ ਸਹੁਰਾ ਨੂੰ ਸਪਸ਼ਟ ਅੱਖਰਾਂ ਵਿੱਚ ਇੱਕ ਰਾਜਾ ਲਿਖਿਆ ਹੈ ਅਤੇ ਬਾਕਾਇਦਾ ਉਨ੍ਹਾਂ ਦੀ ਰਿਆਸਤ ਦੀ ਸਟੀਕ ਲੋਕੇਸ਼ਨ ਵੀ ਲਿਖੀ ਹੈ, ਜੋ ਸਤਲੁਜ ਦੇ ਕੋਲ ਲਿਖੀ ਮਿਲਦੀ ਹੈ। ਸੋ ਪਾਠਕਾਂ ਲਈ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਮਨੀ ਸਿੰਘ ਜੀ ਦੇ ਸਹੁਰਾ, ਖ਼ੈਰਪੁਰ ਟੰਮੇਵਾਲੀ ਦੇਰਾਵਰ ਦੇ ਰਾਵ, ਰਾਜਾ ਲਖੀ ਰਾਏ ਜੀ ਭੱਟੀ ਦਾ ਦਿੱਲੀ ਦੇ ਰਹਿਣ ਵਾਲੇ ਲੱਖੀ ਸ਼ਾਹ ਨਾਲ ਕੋਈ ਸੰਬੰਧ ਨਹੀਂ ਹੈ।

## ਅਧਿਆਇ 7

# ਗੁਰੂ ਤੇਗ ਬਹਾਦਰ ਜੀ ਦੇ ਨਾਲ

ਆਪਣੇ ਵਿਆਹ ਤੋਂ ਬਾਅਦ, ਕੁੰਵਰ ਮਨੀ ਰਾਮ ਜੀ ਅਲੀਪੁਰ ਰਿਆਸਤ ਵਿੱਚ ਰਹੇ, ਪਰ ਗੁਰੂ ਹਰਿਕ੍ਰਿਸ਼ਨ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਅਕਸਰ ਕੀਰਤਪੁਰ ਅਤੇ ਅਨੰਦਪੁਰ ਜਾਂਦੇ ਰਹਿੰਦੇ ਸਨ।

ਗੁਰੂ ਤੇਗ ਬਹਾਦਰ ਜੀ ਦੇ ਸਮੇਂ ਮਨੀ ਰਾਮ ਜੀ ਚੱਕ ਨਾਨਕੀ* ਆਏ ਸਨ, ਜਿਵੇਂ ਕਿ ਰਾਏ ਭੱਟ ਦੁਆਰਾ ਗਵਾਹੀ ਦਿੱਤੀ ਗਈ ਹੈ—

**ਤੇਗ ਬਹਾਦਰ ਗੁਰੂ ਢਿਗ, ਚੱਕ ਨਾਨਕੀ ਮਾਹਿ।**
**ਬਾਣੀ ਪੜ੍ਹੇ ਬਾਣੀ ਸੁਣੇ, ਬਾਣੀ ਲਿਖੇ ਲਿਖਾਹਿ॥**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਇਨ੍ਹਾਂ ਸਤਰਾਂ ਤੋਂ ਸਾਨੂੰ ਪਤਾ ਚਲਦਾ ਹੈ ਕਿ ਕੁੰਵਰ ਮਨੀ ਰਾਮ ਜੀ ਵਿਆਹ ਦੇ ਕੁਝ ਸਾਲਾਂ ਬਾਅਦ ਚੱਕ ਨਾਨਕੀ ਵਿਖੇ ਆਏ ਸਨ। ਕੁੰਵਰ ਜੀ ਨੇ ਗੁਰਬਾਣੀ ਪੜ੍ਹਨੀ ਅਤੇ ਸੁਣਨੀ ਸ਼ੁਰੂ ਕਰ ਦਿੱਤੀ। ਉਹ ਚੱਕ ਨਾਨਕੀ ਵਿਖੇ ਗੁਰਬਾਣੀ ਬਾਰੇ ਬਹੁਤ ਸਾਰੀਆਂ ਕਿਤਾਬਾਂ ਵੀ ਲਿਖਦੇ ਲਿਖਾਉਂਦੇ ਸਨ।

ਜਦੋਂ ਇਹ ਵਿਦਵਤਾਪੂਰਵਕ ਕੰਮ ਚੱਕ ਨਾਨਕੀ ਵਿਖੇ ਕੀਤੇ ਜਾ ਰਹੇ ਸਨ, ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਜੀ ਕੋਲ ਆਏ ਅਤੇ ਉਨ੍ਹਾਂ ਮੁਗਲਾਂ ਤੋਂ ਬਚਾਵ ਲਈ ਮਦਦ ਦੀ ਮੰਗ ਕੀਤੀ ਜੋ ਉਨ੍ਹਾਂ ਨੂੰ ਜ਼ਬਰਦਸਤੀ ਇਸਲਾਮ ਧਰਮ ਵਿੱਚ ਤਬਦੀਲ ਕਰ ਰਹੇ ਸਨ।

**ਦੁਖੀਏ ਬਿਪ੍ਰ ਜੁ ਚਲ ਕੇ, ਆਇ ਪੁਰੀ ਅਨੰਦ,**
**ਬਾਂਹਿ ਅਸਾਡੀ ਪਕਰੀਏ, ਗੁਰੂ ਹਰਿਗੋਬਿੰਦ ਕੇ ਚੰਦ,**
**ਤੇਗ ਬਹਾਦਰ ਜਗਤ ਗੁਰੂ, ਸੁਣ ਇਮ ਹਾਹਾ ਕਾਰ,**
**ਰਛਿਕ ਗਯੂ ਗਰੀਬ ਕਾ, ਕਲਯੁਗ ਕਾ ਅਵਤਾਰ**

* ਚੱਕ ਨਾਨਕੀ ਅਨੰਦਪੁਰ ਸ਼ਹਿਰ ਦਾ ਪੁਰਾਣਾ ਨਾਮ ਸੀ ਜੋ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੁਆਰਾ ਸਥਾਪਿਤ ਕੀਤਾ ਗਿਆ ਸੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਸਦਾ ਨਾਮ ਬਦਲਿਆ ਗਿਆ ਅਤੇ ਇਸ ਨੂੰ ਅਨੰਦਪੁਰ ਰੱਖਿਆ ਗਿਆ।

**ਹਾਥ ਜੋਰ ਕਹੀਓ ਕਿਰਪਾ ਰਾਮ, ਦੱਤ ਬ੍ਰਾਹਮਣ ਮੱਟਨ ਗ੍ਰਾਮ,**
**ਹਮਰੋ ਬਲ ਅਬ ਰਹਯੋ ਨਾਹਿ ਕਾਯੀ, ਹੇ ਗੁਰੂ ਤੇਗ ਬਹਾਦਰ ਰਾਇ,**
**ਜਗ ਕੇ ਬੰਧਨ ਕਾਟਨ ਹਾਰੇ, ਤੁਮ ਗੁਰੂ ਨਾਨਕ ਹੈ ਅਵਤਾਰੇ।**
**ਜਿਮ ਦਰੋਪਤੀ ਰਾਖੀ ਲਾਜ, ਦਿਯੋ ਸਵਾਰ ਸੁਦਾਮੈ ਕਾਜ।**
**ਫਿਰਤ ਫਿਰਤ ਪ੍ਰਭ ਆਏ ਥਾਰੈ, ਥਾਕ ਪਰੈ ਹਉਂ ਤਉ ਦਰਬਾਰੈ।**
**ਸੇਵਾ ਹਰੀ ਇਮ ਅਰਜ ਗੁਜ਼ਾਰੀ, ਤੁਮ ਕਲਜੁਗ ਕੇ ਕ੍ਰਿਸ਼ਨ ਮੁਰਾਰੀ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਮਦਦ ਕਰਨ ਅਤੇ ਬੇਸਹਾਰਾ ਬ੍ਰਾਹਮਣਾਂ ਦੀ ਖ਼ਾਤਰ ਆਪਣੀ ਜਾਨ ਦੀ ਕੁਰਬਾਨੀ ਦੇਣ ਦਾ ਫ਼ੈਸਲਾ ਕੀਤਾ। ਸੋ ਹਿੰਦ ਦੀ ਚਾਦਰ ਮਹਾਨ ਗੁਰੂ ਤੇਗ ਬਹਾਦਰ ਜੀ, ਕੁੰਵਰ ਮਨੀ ਰਾਮ ਦੇ ਚਾਚਾ ਦਿਆਲਦਾਸ ਜੀ ਪੰਵਾਰ ਅਤੇ ਰਾਜਪੂਤ ਕੁੰਵਰ ਉਦੈ ਜੀ ਰਾਠੌਰ ਦੇ ਨਾਲ ਦਿੱਲੀ ਰਵਾਨਾ ਹੋ ਗਏ। ਕੁੰਵਰ ਉਦੈ ਜੀ ਰਾਠੌਰ ਦੇ ਪਰਵਾਰ ਦੇ ਅਧੀਨ ਲਾਡਵਾ ਅਤੇ ਸੋਧਰਾ ਵਿੱਚ ਬਹੁਤ ਸਾਰੇ ਪਿੰਡ ਸਨ।

ਗੁਰੂ ਤੇਗ ਬਹਾਦਰ ਜੀ ਨੇ ਗੋਬਿੰਦ ਰਾਏ ਜੀ ਨੂੰ ਗੁਰਗੱਦੀ ਦਿੱਤੀ ਅਤੇ ਅਲੀਪੁਰ ਰਿਆਸਤ ਦੇ ਕੁੰਵਰ ਜੇਠਾ ਜੀ ਪੰਵਾਰ ਅਤੇ ਕੁੰਵਰ ਮਨੀ ਰਾਮ ਜੀ ਨੂੰ ਗੁਰੂ ਗੋਬਿੰਦ ਰਾਏ ਜੀ ਨਾਲ ਚੱਕ ਨਾਨਕੀ ਵਿੱਚ ਰੁਕਣ ਲਈ ਕਿਹਾ। ਇਸ ਦੀ ਗਵਾਹੀ ਇਸ ਮਹਾਂਕਾਵਿ ਵਿੱਚ ਇਸ ਤਰ੍ਹਾਂ ਦਿੱਤੀ ਗਈ ਹੈ—

**ਤਬ ਸਤਿਗੁਰ ਇਵ ਮਨ ਠਹਿਰਾਈ, ਬਿਨ ਸਿਰ ਦੀਏ ਜਗਤ ਦੁਖ ਪਾਈ,**
**ਦਾਸ ਗੋਬਿੰਦ ਥੀ ਪਾਸ ਬਹਾਯੋ, ਕਮਰ ਕਸਾ ਸਤਿਗੁਰੂ ਕਰਾਯੋ,**
**ਪੈਸੇ ਪਾਂਚ ਸ੍ਰੀ ਫਲ ਏਕ, ਧਰ ਆਗੇ ਦਿਯੋ ਮਸਤਕ ਟੇਕ,**
**ਬਾਲ ਗੁਰੂ ਤਬ ਕਹਿਯੋ ਅਲਾਇ, ਪਿਤਾ ਗੁਰੂ ਤਉ ਕਰੋ ਸਹਾਇ,**
**ਸੇਵਾ ਹਰੀ ਸੁਨ ਧੀਰਜ ਦੀਨਾ, ਦਿੱਲੀ ਦਿਸ਼ਾ ਪਿਆਨਾ ਕੀਨਾ।**

---

° ਭੱਟ ਸਾਹਿਬਾਨਾਂ ਮੁਤਾਬਕ, ਅਲੀਪੁਰ ਰਿਆਸਤ ਦੇ, ਮਨੀ ਸਿੰਘ ਜੀ ਅਤੇ ਉਨ੍ਹਾਂ ਦੇ ਕੁੰਵਰਾਂ ਨੇ ਲਾਹੌਰ ਸ਼ਹਿਰ ਦੇ ਨਾਲ ਕਾਨ੍ਹਾ ਕਾਛਾ ਪਿੰਡ ਵਸਾਕੇ ਰਿਹਾਇਸ਼ ਕੀਤੀ ਸੀ। ਕਿਉਂਕਿ ਲਾਹੌਰ ਤੋਂ ਅੰਮ੍ਰਿਤਸਰ ਅਤੇ ਆਨੰਦਪੁਰ ਦੇ ਕਿਲ੍ਹੇ ਲਾਗੇ ਪੈਂਦੇ ਸਨ। ਅਲੀਪੁਰ ਰਿਆਸਤ ਦੇ ਕਿਲ੍ਹੇ ਤੋਂ ਆਨੰਦਪੁਰ ਦੇ ਕਿਲਿਆਂ ਤੱਕ ਆਉਣਾ ਜਾਣਾ ਕਾਫੀ ਦੂਰ ਪੈਂਦਾ ਸੀ। ਇਸ ਦੀ ਗਵਾਹੀ ਹੋਰ ਪੁਰਾਤਨ ਲਿਖਤਾਂ ਵਿੱਚ ਵੀ ਇਸ ਤਰ੍ਹਾਂ ਮਿਲਦੀ ਹੈ—

☞ ਫੁਟਨੋਟ ਦਾ ਬਾਕੀ ਹਿੱਸਾ ਅਗਲੇ ਪੰਨੇ 'ਤੇ ਵੇਖੋ

**ਜੇਠਾ ਮਨੀਆ ਆਦਿ ਸਿੱਖ, ਰਹੇ ਦਸਮ ਗੁਰ ਪਾਸ,**
**ਦਿਆਲਾ ਊਦਾ ਗੈਲ ਗੁਰ, ਗਏ ਖਸ਼ਟ ਸਿਖ ਖਾਸ**

**(ਪੰਡਿਤ ਭੱਟ ਸੇਵਾ ਸਿੰਘ ਜੀ)**

*ਪਿਛਲੇ ਪੰਨੇ ਦੇ ਫੁਟਨੋਟ ਦਾ ਬਾਕੀ ਹਿੱਸਾ*

---

**ਲੈ ਕੁਸ ਪੁਰ ਕੇ ਅੰਤ੍ਰੇ, ਕਾਨ੍ਹਾ ਕਾਛਾ; ਗਿਰਾਉਂ।**
**ਤਹਿ ਪਰ ਜਿਹ ਭੱਟ ਭਵ ਲਯੋ, ਮਨੀ ਸਿੰਘ ਤਿਹੁ ਨਾਉਂ। (ਅਧਿਆਇ ੧੧)**

(ਭਾਈ ਵੀਰ ਸਿੰਘ ਬਲ, ਸਿੰਘ ਸਾਗਰ ਗ੍ਰੰਥ, ੧੮੨੭ ਈ.)

ਇਸ ਤੋਂ ਇਲਾਵਾ ਭੱਟ ਸਾਹਿਬਾਨਾਂ ਅਤੇ ਪਿਹੋਵਾ ਦੇ ਪੰਡਿਆਂ ਦੇ ਵਖਤੀ ਇੰਦਰਾਜਾਂ ਤੋਂ ਮਨੀ ਸਿੰਘ ਜੀ ਦੇ ਕੰਵਰਾਂ ਦਾ ਅਲੀਪੁਰ ਰਿਆਸਤ ਤੋਂ ਉੱਠ ਕੇ ਲਾਹੌਰ ਵਿਖੇ ਕਾਨ੍ਹਾ-ਕਾਛਾ ਪਿੰਡ ਵਸਾ ਕੇ ਰਿਹਾਇਸ਼ ਕਰਨ ਦਾ ਸਬੂਤ ਮਿਲਦਾ ਹੈ।

## ਅਧਿਆਇ 8

# ਗੁਰੂ ਗੋਬਿੰਦ ਸਿੰਘ ਜੀ ਦੇ ਨਾਲ

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਰਾਏ ਜੀ ਨੇ ਚੱਕ ਨਾਨਕੀ ਦਾ ਪੂਰਾ ਕਾਰਜ ਸੰਭਾਲ ਲਿਆ। ਮਨੀ ਸਿੰਘ ਜੀ ਚੱਕ ਨਾਨਕੀ ਵਿੱਚ ਗੁਰੂ ਗੋਬਿੰਦ ਰਾਏ ਜੀ ਦੇ ਕੋਲ ਰਹੇ ਅਤੇ ਗੁਰਬਾਣੀ ਉਪਰ ਬਹੁਤ ਸਾਰੀਆਂ ਕਿਤਾਬਾਂ ਅਤੇ ਗ੍ਰੰਥ ਲਿਖਿਆ ਕਰਦੇ ਸਨ। ਉਹ ਅਧਿਆਤਮਕ ਸਾਹਿਤ ਬਹੁਤ ਪੜ੍ਹਦੇ ਸਨ ਅਤੇ ਗੁਰੂਆਂ ਦੇ ਸੰਦੇਸ਼ ਬਾਰੇ ਚੱਕ ਨਾਨਕੀ ਆਉਣ ਵਾਲੇ ਸਿੱਖਾਂ ਨੂੰ ਵੀ ਸਿਖਾਇਆ ਕਰਦੇ ਸਨ। ਇਸ ਦੀ ਗਵਾਹੀ ਹੇਠ ਦਿੱਤੇ ਅਨੁਸਾਰ ਹੈ—

**ਆਯੂ ਪੈਂਤੀ ਬਰਖ ਕੀ, ਮਨੀ ਸਿੰਘ ਕੀ ਆਹਿ,**
**ਲਿਖੇ ਲਿਖਾਏ ਪੋਥੀਆਂ, ਮਨ ਮਹਿ ਬਹੁ ਉਤਸਾਹ,**
**ਲਿਖ ਲਿਖ ਬਾਣੀ ਕਰੇ ਪੋਥੀਆਂ ਤਿਆਰ ਇਹ,**
**ਪੜਦਾ ਪੜ੍ਹਾਂਦਾ ਤੇ ਜਤਾਂਦਾ ਨਹੀਂ ਆਪ ਤਾਂਈ,**
**ਮਨ ਨੀਵਾਂ ਮੱਤ ਉਚੀ ਇਹੋ ਦਿਲ ਧਾਰ ਇਹ**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਕੁਝ ਸਾਲ ਚੱਕ ਨਾਨਕੀ ਰਹਿਣ ਤੋਂ ਬਾਅਦ, ਗੁਰੂ ਜੀ ਨੇ ਪਾਉਂਟਾ ਵਿਖੇ ਰਹਿਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਪਾਉਂਟਾ ਵਿੱਚ ਇੱਕ ਮਹਿਲ ਬਣਵਾਇਆ ਅਤੇ ਉੱਥੇ ਹੀ ਰਹਿਣ ਲੱਗ ਪਏ। ਮਨੀ ਸਿੰਘ ਜੀ ਵੀ ਪਾਉਂਟਾ ਵਿਖੇ ਦਸਵੇਂ ਗੁਰੂ ਜੀ ਦੇ ਨਾਲ ਰਹੇ। ਗੁਰੂ ਗੋਬਿੰਦ ਸਿੰਘ ਜੀ ਸਿਰਮੌਰ ਦੇ ਰਾਜੇ ਨਾਲ ਚੰਗੇ ਸੰਬੰਧ ਰੱਖਦੇ ਸਨ, ਜਿਸਦੇ ਪ੍ਰਦੇਸ਼ ਵਿੱਚ ਪਾਉਂਟਾ ਪੈਂਦਾ ਸੀ। ਇਹ ਵੀ ਵਰਣਨਯੋਗ ਹੈ ਕਿ ਭਾਈ ਮਨੀ ਸਿੰਘ ਜੀ ਦੇ ਪੂਰਵਜ ਵੀ 1520 ਤਕ, ਨਾਹਨ, ਸਿਰਮੌਰ ਵਿੱਚ ਲਗਭਗ 100 ਸਾਲ ਰਾਜ-ਭਾਗ ਵਿੱਚ ਰਹੇ ਸਨ, ਜਿਸ ਕਰਕੇ ਅਲੀਪੁਰ ਰਿਆਸਤ ਦੇ ਪੰਵਾਰ ਰਾਜਪੂਤ ਰਾਜੇ ਵੀ ਪਿਛਲੀਆਂ ਦੋ ਸਦੀਆਂ ਤੋਂ ਸਿਰਮੌਰ ਰਿਆਸਤ ਦੇ ਰਾਜਿਆਂ ਨਾਲ ਚੰਗੇ ਸੰਬੰਧ ਵਿੱਚ ਸਨ।*

*ਸਿੱਖ ਰਾਜਪੂਤਾਂ ਦੀਆਂ ਰਾਏ ਭੱਟ ਖਿਆਤਾਂ ਅਨੁਸਾਰ, ਭਾਈ ਮਨੀ ਸਿੰਘ ਜੀ ਦੇ ਪੂਰਵਜਾਂ ਨੇ ਆਪਣੇ ਧਾਰ ਨਗਰੀ ਦੇ ਪੁਸ਼ਤੈਨੀ ਸਾਮਰਾਜ ਨੂੰ ਅਲਾਉਦੀਨ ਖਿਲਜੀ ਦੇ ਹੱਥੋਂ, ੧੩੦੫ ਵਿੱਚ ਗਵਾ ਲਿਆ

☞ ਫੁਟਨੋਟ ਦਾ ਬਾਕੀ ਹਿੱਸਾ ਅਗਲੇ ਪੰਨੇ 'ਤੇ ਵੇਖੋ

*ਪਿਛਲੇ ਪੰਨੇ ਦੇ ਫੁਟਨੋਟ ਦਾ ਬਾਕੀ ਹਿੱਸਾ*

ਸੀ। ਲਿਖਤੀ ਰਿਕਾਰਡਾਂ ਅਨੁਸਾਰ, ਮਨੀ ਸਿੰਘ ਜੀ ਦੇ ਪੂਰਵਜਾਂ ਨੇ ਆਪਣਾ ਸ਼ਕਤੀ ਦਾ ਕੇਂਦਰ ਧਾਰ ਤੋਂ ਤਬਦੀਲ ਕਰਕੇ ਅਸੀਰਗੜ੍ਹ ਕਿਲ੍ਹਾ 1310 ਤੋਂ 1425 ਤੱਕ ਬਣਾ ਲਿਆ। ਅਸੀਰਗੜ੍ਹ ਕਿਲ੍ਹਾ ਉਸ ਸਮੇਂ ਖਾਨਦੇਸ਼ ਖੇਤਰ ਦੀ ਰਾਜਧਾਨੀ ਸੀ। ਬਹੁਤ ਜੂਝਣ ਦੇ ਬਾਵਜੂਦ ਵੀ ਖਾਨਦੇਸ਼ ਨੂੰ ਅਫ਼ਗਾਨਾਂ ਹੱਥੋਂ ਹਾਰਨ ਤੋਂ ਬਾਅਦ, ਰਾਜਾ ਮਾਲਦੇਵ ਜੀ ਪੰਵਾਰ, ਦੇਸ ਪੰਜਾਬ ਵਿੱਚ ਨਾਹਨ ਆ ਗਏ ਅਤੇ ਸਿਰਮੌਰ ਦੇ ਭਾਟੀ ਰਾਜਪੂਤ ਰਾਜਿਆਂ ਦੇ ਨਾਲ ਨਾਹਨ ਦੇ ਜਾਗੀਰਦਾਰਾਂ ਵਜੋਂ 100 ਸਾਲ ਦੇ ਕਰੀਬ ਰਹੇ। 1520 ਵਿੱਚ, ਰਾਜਾ ਮਾਲਦੇਵ ਜੀ ਪੰਵਾਰ ਦੇ ਵੰਸ਼ ਵਿੱਚੋਂ ਰਾਜਾ ਰਾਊ ਜੀ ਪੰਵਾਰ ਨੇ ਅਲੀਪੁਰ ਰਾਜ ਦੀ ਸਥਾਪਨਾ ਕੀਤੀ, ਜਦੋਂ ਉੱਤਰ ਭਾਰਤ ਦੇ ਸਾਰੇ ਰਾਜਪੂਤਾਂ ਨੇ ਦਿੱਲੀ ਤੋਂ ਇਬਰਾਹਮ ਲੋਧੀ ਦੇ ਅਫਗਾਨ ਸ਼ਾਸਨ ਨੂੰ ਖਤਮ ਕਰਨ ਲਈ ਸੰਯੁਕਤ ਸੰਘਰਸ਼ ਕੀਤਾ ਅਤੇ ਅਫ਼ਗਾਨਾਂ ਤੋਂ ਕਈ ਇਲਾਕੇ ਮੁੜ ਜਿੱਤ ਕੇ ਨਵੇਂ ਰਾਜਪੂਤ ਰਾਜ ਸਥਾਪਤ ਕੀਤੇ।

## ਅਧਿਆਇ 9

# ਦੇਹਰਾਦੂਨ ਦੀ ਲੜਾਈ

ਦੂਨ ਘਾਟੀ ਦੀ ਵਸਨੀਕ ਮਾਤਾ ਪੰਜਾਬ ਕੌਰ, ਜੋ ਕਿ ਦਸਵੇਂ ਗੁਰੂ ਸਾਹਿਬ ਦੀ ਰਿਸ਼ਤੇਦਾਰ ਸੀ, ਦੇ ਪਤੀ ਬਾਬਾ ਰਾਮਰਾਇ ਨੂੰ ਉਸ ਖੇਤਰ ਦੇ ਕੁੱਝ ਨਕਲੀ ਸਾਧਾਂ ਨੇ ਜਾਨੋਂ ਮਾਰ ਦਿੱਤਾ ਸੀ। ਮਾਤਾ ਪੰਜਾਬ ਕੌਰ ਨੇ ਗੁਰੂ ਗੋਬਿੰਦ ਰਾਏ ਜੀ ਨੂੰ ਚਿੱਠੀ ਭੇਜ ਕੇ ਸਹਾਇਤਾ ਦੀ ਮੰਗ ਕੀਤੀ। ਗੁਰੂ ਜੀ ਨੇ ਮਾਤਾ ਪੰਜਾਬ ਕੌਰ ਦੇ ਇਸ ਪੱਤਰ ਨੂੰ ਪੜ੍ਹ ਕੇ, ਉਨ੍ਹਾਂ ਦੀ ਮਦਦ ਕਰਨ ਦਾ ਫੈਸਲਾ ਲਿਆ ਅਤੇ ਇਸ ਲਈ ਮਨੀ ਸਿੰਘ ਜੀ ਦੀ ਕਮਾਨ ਹੇਠ ਆਪਣੀ ਫੌਜ ਦੇਹਰਾਦੂਨ ਭੇਜ ਦਿੱਤੀ। ਪਾਉਂਟਾ ਤੋਂ ਦੇਹਰਾਦੂਨ ਤੱਕ ਦਾ ਫ਼ਾਸਲਾ 50 ਕੁ ਕਿ.ਮੀ. ਹੈ। ਇਸ ਵਾਕਿਆ ਦਾ ਵਰਣਨ ਇਸ ਤਰ੍ਹਾਂ ਹੈ—

**ਪਾਤੀ ਗੁਰ ਦਸਮੇਸ਼ ਕੋ, ਲਿਖ ਕਰ ਦਈ ਪਠਾਇ,**
**ਮਾਤ ਪੰਜਾਬੋ ਦੂਨ ਤੋਂ, ਨਗਰ ਪਾਂਵਟੇ ਮਾਹਿ,**
**ਮਨੀ ਸਿੰਘ ਥੀਂ ਆਦਿ ਲੈ, ਨਾਮੀ ਨਾਮੀ ਬੀਰ,**
**ਭੇਜੇ ਇਵ ਦਸਮੇਸ਼ ਗੁਰ, ਮਾਤ ਪੰਜਾਬੋ ਤੀਰ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਇਨ੍ਹਾਂ ਲੋਕਾਂ ਦਾ ਆਗੂ ਗੁਰਬਖ਼ਸ਼ ਨਾਮ ਦਾ ਇੱਕ ਨਕਲੀ ਸਾਧ ਸੀ, ਜੋ ਮਾਤਾ ਪੰਜਾਬ ਕੌਰ ਦੇ ਪਤੀ ਦੀ ਹੱਤਿਆ ਦਾ ਮੁੱਖ ਦੋਸ਼ੀ ਸੀ। ਆਪਣੇ ਪਤੀ ਦੀ ਮੌਤ ਤੋਂ ਬਾਅਦ,ਪੰਜਾਬ ਕੌਰ ਨੂੰ ਗੁਰਬਖ਼ਸ਼ ਦੇ ਪੈਰੋਕਾਰਾਂ ਦੁਆਰਾ ਤੰਗ-ਪ੍ਰੇਸ਼ਾਨ ਵੀ ਕੀਤਾ ਜਾ ਰਿਹਾ ਸੀ।

ਦੇਹਰਾਦੂਨ ਪਹੁੰਚਣ ਤੋਂ ਬਾਅਦ, ਮਨੀ ਸਿੰਘ ਜੀ ਅਤੇ ਉਨ੍ਹਾਂ ਦੀ ਕਮਾਨ ਹੇਠ ਆਏ ਹੋਰ ਸਿੱਖਾਂ ਨੇ ਬੁਰੀ ਸੋਚ ਵਾਲੇ ਗੁਰਬਖਸ਼ ਉੱਤੇ ਹਮਲਾ ਕੀਤਾ। ਲੜਾਈ ਜਾਰੀ ਰਹੀ ਅਤੇ ਬਹੁਤ ਸਾਰੀਆਂ ਤਲਵਾਰਾਂ ਦੀਆਂ ਭੇੜਾਂ ਪ੍ਰਦਰਸ਼ਤ ਹੋਈਆਂ। ਗੁਰਬਖਸ਼, ਸਿੱਖਾਂ ਦੀ ਬਹਾਦਰੀ ਨੂੰ ਵੇਖ ਕੇ ਡਰ ਗਿਆ ਅਤੇ ਲੜਾਈ ਦੇ ਮੈਦਾਨ ਵਿੱਚੋਂ ਭੱਜ ਗਿਆ। ਇਸ ਜੰਗ ਦਾ ਵਿਸਥਾਰ ਭੱਟ ਸਾਹਿਬਾਨ ਇਸ ਤਰ੍ਹਾਂ ਕਰਦੇ ਹਨ—

**ਸਿੰਘ ਮਨੀ ਥੀ ਬੀਰ, ਕੇਹਰ ਦਸਮੇਸ਼ ਕਾ,**
**ਨੰਦ ਚੰਦ ਸੀ ਗੈਲ, ਜੋਧਾ ਏਸ ਕੇ,**

ਦਯਾਰਾਮ ਥੀਂ ਆਦਿ, ਸਿਖ ਪਚਾਸ ਸਬ,
ਇੱਕ ਥੀਂ ਇੱਕ ਸਵਾਇਆ, ਦੀਰਘ ਸੂਰਮੇ,
ਫੜੋ ਮਾਰ ਲੋ ਹੋਈ, ਤੇਗਾਂ ਖੜਕੀਆਂ,
ਗੁਰਬਖਸ ਗਿਆ ਥੀ ਭਾਗ, ਮੇਲੇ ਬੀਚ ਤੇ।

**(ਪੰਡਿਤ ਭੱਟ ਸੇਵਾ ਸਿੰਘ ਜੀ)**

ਇਸ ਤਰ੍ਹਾਂ ਦੇਹਰਾਦੂਨ ਦੇ ਰਾਮਰਾਈਆਂ ਨੂੰ ਹਰਾਉਣ ਤੋਂ ਬਾਅਦ, ਮਨੀ ਸਿੰਘ ਜੀ ਪਾਉਂਟਾ ਵਾਪਸ ਆ ਗਏ, ਜਿੱਥੇ ਦਸਵੇਂ ਗੁਰੂ ਜੀ ਵਿਰਾਜਮਾਨ ਸਨ।

❐

## ਅਧਿਆਇ 10

# ਭੰਗਾਣੀ ਦੀ ਲੜਾਈ

ਮੁਗਲਾਂ ਨੇ ਭਾਰਤ ਦੇ ਕਿਸੇ ਵੀ ਰਾਜਾ ਜਾਂ ਫੌਜੀ ਜਰਨੈਲ ਨੂੰ ਹਿੰਦੁਸਤਾਨ ਵਿੱਚ ਸੁਤੰਤਰ ਨਹੀਂ ਰਹਿਣ ਦਿੱਤਾ। ਦਸਵੇਂ ਸਿੱਖ ਗੁਰੂ ਅਤੇ ਉਨ੍ਹਾਂ ਦੇ ਸਰਦਾਰਾਂ ਦੀਆਂ ਸੁਤੰਤਰ ਸਰਗਰਮੀਆਂ ਨੂੰ ਵੇਖਦਿਆਂ, ਮੁਗਲਾਂ ਨੇ ਪਾਉਂਟਾ ਵਿਖੇ ਉਨ੍ਹਾਂ ਦੇ ਮਹਿਲ ਵਿੱਚ, ਗੁਰੂ ਜੀ ਅਤੇ ਉਨ੍ਹਾਂ ਦੇ ਸਰਦਾਰਾਂ ਉੱਤੇ ਹਮਲਾ ਕਰਨ ਦਾ ਫ਼ੈਸਲਾ ਕੀਤਾ। ਇਸਦੇ ਲਈ ਮੁਗਲਾਂ ਨੇ ਗੜ੍ਹਵਾਲ ਦੇ ਰਾਜੇ ਦਾ ਸਮਰਥਨ ਲਿਆ, ਜੋ ਉਹਨਾਂ ਦੇ ਅਧੀਨ ਜਗੀਰਦਾਰ ਸੀ। ਪਹਿਲਾਂ ਦੱਸਣ ਮੁਤਾਬਕ, ਸਿਰਮੌਰ ਦਾ ਰਾਜਾ, ਜਿਸ ਦੇ ਰਾਜ ਵਿੱਚ ਪਾਉਂਟਾ ਸਥਿਤ ਸੀ, ਗੁਰੂ ਜੀ ਅਤੇ ਉਨ੍ਹਾਂ ਦੇ ਸਰਦਾਰਾਂ ਨਾਲ ਬਹੁਤ ਨੇੜਲੇ ਸੰਬੰਧ ਰੱਖਦਾ ਸੀ। ਇਸ ਲਈ ਰਾਜਾ ਸਿਰਮੌਰ ਗੁਰੂ ਗੋਬਿੰਦ ਜੀ ਅਤੇ ਉਨ੍ਹਾਂ ਦੇ ਸਰਦਾਰਾਂ ਦੀਆਂ ਗਤੀਵਿਧੀਆਂ ਵਿੱਚ ਦਖ਼ਲਅੰਦਾਜ਼ੀ ਕਰਨ ਲਈ ਤਿਆਰ ਨਹੀਂ ਸਨ। ਗੜ੍ਹਵਾਲ ਰਿਆਸਤ ਸਿਰਮੌਰ ਰਾਜ ਦਾ ਗੁਆਂਢੀ ਰਾਜ ਵੀ ਸੀ, ਜਿਸ ਨੇ ਸ਼ਾਇਦ ਗੜ੍ਹਵਾਲ ਰਾਜਿਆਂ ਨੂੰ, ਗੜ੍ਹਵਾਲ ਅਤੇ ਸਿਰਮੌਰ ਰਾਜਾਂ ਦਰਮਿਆਨ ਪੁਰਾਣੀ ਦੁਸ਼ਮਣੀ ਕਰਕੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਰਦਾਰਾਂ ਤੇ ਕਾਰਵਾਈ ਕਰਨ ਲਈ ਪ੍ਰੇਰਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿੱਚ ਲਿਖਦੇ ਹਨ ਕਿ ਉਹ ਇੱਕ ਦਿਨ ਆਪਣੇ ਸਾਥੀ ਸਰਦਾਰਾਂ ਨਾਲ ਨਾਹਨ-ਗੜ੍ਹਵਾਲ ਦੀ ਹੱਦ ਤੇ ਸ਼ਿਕਾਰ ਖੇਡ ਰਹੇ ਸਨ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਨਾਹਨ ਨਾਲ ਲਗਦੀ ਗੜ੍ਹਵਾਲ ਰਿਆਸਤ ਦੇ ਰਾਨੇ*, ਫਤੇਹ ਸ਼ਾਹ ਨੇ ਉਨਾਂ ਤੇ ਬਿਨਾ ਕਿਸੇ ਵਜਾਹ ਤੋਂ ਹਮਲਾ ਕਰ ਦਿੱਤਾ। ਇਸ ਵਾਕਿਆ ਬਾਰੇ ਭੱਟ ਸਾਹਿਬਾਨ ਇਹ ਸਤਰਾਂ ਲਿਖਦੇ ਹਨ—

**ਸਰਮੌਰ ਕੇ ਦੇਸ ਮੇਂ, ਸ੍ਰੀ ਗੁਰੂ ਕਾ ਪ੍ਰਤਾਪ,**
**ਬਢਯੋ ਦੇਖ ਗੜ੍ਹਵਾਲੀਆ, ਸਹਿ ਨਾ ਸਕਯੋ ਸੁ ਆਪ**
**ਸੂਹੀਏ ਖਬਰ ਪੁਚਾਈ ਸਾਰੀ, ਚੜ੍ਹਿਯੋ ਦਲ ਰਾਜਨ ਕੂੰ ਭਾਰੀ,**
**ਮਨੀਏ ਸਹਿਤ ਨਾਮੀ ਸਿੱਖ ਜੇਤੇ, ਰਾਖੇ ਸਬ ਤਕੜਾਈ ਹੇਤੇ,**

*ਰਾਨਾ/ਰਾਣਾ ਦਾ ਸ਼ਬਦੀ ਅਰਥ ਹੁੰਦਾ ਹੈ ਰਾਜਾ। ਰਾਨਾ,ਰਾਉ, ਰਾਵ, ਰਾਜਾ ਇਹ ਸਾਰੇ ਪਰਾਵਾਚੀ ਸ਼ਬਦ ਹਨ, ਜੋ ਰਾਜਪੂਤ ਰਾਜਿਆਂ ਦੀਆਂ ਉਪਾਧੀਆਂ ਹਨ, ਜਿਨ੍ਹਾਂ ਸਭ ਦਾ ਅਰਥ ਹੁੰਦਾ ਹੈ ਰਾਜਾ।

ਮਰੇ ਅਨੇਕਾ ਭਗੀ ਸਿਪਾਹਿ, ਭਈ ਜੀਤ ਪ੍ਰਥਮ ਇਹ ਆਹਿ,
ਮਚਯੋ ਜਹਿ ਇਹ ਘੋਰ ਸੰਗਰਾਮਾ, ਜਮਨਾ ਤੀਰ ਭੰਗਾ ਨਾਮਾ,
ਨਦੀ ਗਿਰੀ ਕਾ ਸੰਗਮ ਜਾਹਿ, ਡੇਢ ਜਾਮ ਭੇਡਾ ਭਯੋ ਤਾਹਿ,
ਸੇਵਾ ਹਰੀ ਜੀਤ ਘਰ ਆਏ, ਭਾਂਤ ਭਾਂਤ ਬਾਜਨ ਬਜਵਾਏ।

(ਪੰਡਿਤ ਭੱਟ ਸੇਵਾ ਸਿੰਘ ਜੀ)

ਇਸ ਲੜਾਈ ਵਿੱਚ ਗੜ੍ਹਵਾਲ ਦਾ ਰਾਜਾ ਰਾਣਾ ਫਤਿਹ ਸ਼ਾਹ ਅਲੀਪੁਰ ਰਿਆਸਤ ਦੇ ਰਾਜਕੁੰਵਰ ਮਨੀ ਸਿੰਘ ਜੀ ਪੰਵਾਰ ਦੁਆਰਾ ਮਾਰਿਆ ਗਿਆ। ਇਸ ਦੀ ਗਵਾਹੀ ਪੰਡਿਤ ਭੱਟ ਦੇਸਾ ਸਿੰਘ ਜੀ, ਰਾਜਪੂਤ ਸਿੱਖਾਂ ਦੇ ਰਾਏ ਭੱਟ ਦੇ ਇੱਕ ਬਿਰਤਾਂਤ ਦੁਆਰਾ ਦਿੱਤੀ ਗਈ ਹੈ—

**ਤਊ ਬੇਖਾ ਪੰਵਾਰ ਬਿੰਜੈ ਕਾ ਅਧਰਾਕ ਨਾ,**
**ਤੌ ਬੇਖਾ, ਰਾਜਪੂਤੀ ਕਾ ਨੱਕਾ,**
**ਦਿਲੀ ਲਗ ਧਾਂਕ ਸੁਨੀ ਤੇਰੀ ਬੱਲੂ,**
**ਤੌ ਜਾਨੇ ਸ਼ਾਹ ਚੁਗੱਤਾ,**
**ਸੁਪੁਤ ਪੋਤਾ ਤੌ ਗਾਊਂ ਮਨੀ ਰਾਮ,**
**ਰੋਸ਼ਨ ਵੰਸ਼ ਜੱਲੇ ਕਾ ਕੀਤਾ,**
**ਪਹਿਲਾਂ ਹੇਤ ਭੰਗਾਣੀ ਮਾਰੀ,**
**ਰਾਣਾ ਘਾਲਿਆ, ਬੀਚ ਪਰਵਤਾ।**

(ਪੰਡਿਤ ਭੱਟ ਦੇਸਾ ਸਿੰਘ ਜੀ ਦੁਆਰਾ 1693 ਵਿੱਚ ਲਿਖਿਆ ਗਿਆ)

ਇਸ ਜੰਗ ਦਾ ਹੋਰ ਵਿਸਥਾਰ ਰਾਏ ਭੱਟ ਨੇ ਇਸ ਤਰ੍ਹਾਂ ਦਿੱਤਾ ਹੈ :-

ਉਦੀਆ ਬੇਟਾ ਖੇਮੋਚੰਦਨੀਏ ਕਾ ਪੋਤਾ ਧਰਮਚੰਦ ਦਾ ਪੜਪੋਤਾ ਭੋਜੇ ਕਾ ਸੂਰਜਵੰਸ਼ੀ ਗੌਤਮ ਗੋਤਰ ਰਾਠੌਰ ਰਮਾਨਾ, ਗੁਰੂ ਕੀ ਬੂਆ ਕੇ ਬੇਟੇ ਸੰਗੋਸ਼ਾਹ, ਜੀਤਮਲ ਬੇਟੇ ਸਾਧੂ ਕੇ, ਪੋਤੇ ਧਰਮੇ ਖੋਸਲੇ ਖੱਤਰੀ ਕੇ ਗੈਲ ਰਣਭੂਮੀ ਮੇਂ ਆਏ। ਸਾਲ ਸਤਰਾਂ ਸੈ ਪੈਂਤਾਲੀਸ ਅਸੁਜ ਪ੍ਰਵਿਸ਼ਟੇ ਅਠਾਰਾਂ, ਭੰਗਾਣੀ ਕੇ ਮਲ੍ਹਾਨ, ਜਮਨਾ ਗਿਰੀ ਕੇ ਮਧਿਆਨ ਰਾਜ ਨਾਹਨ, ਏਕ ਘਰੀ ਦਿੰਹੁ ਖਲੇ ਜੂਝੰਤੇ ਸੂਰਿਓਂ ਗੈਲ ਸਾਮ੍ਹੇ ਮਾਥੇ ਜੂਝ ਕਰ ਮਰਾ। ਗੈਲੋਂ ਹਠੀਚੰਦ ਮਾਈਦਾਸ ਕਾ, ਅਸਵਜ ਦਿਨ ਅਠਾਰਾਂ ਸਾਲ ਸਤਰਾਂ ਸੈ ਪੈਂਤਾਲੀਸ, ਭੰਗਾਣੀ ਕੇ ਮਲਹਾਨ ਰਾਜ ਨਾਹਨ, ਗੁਰੂ ਕਾ ਹੁਕਮ ਪਾਇ ਰਾਜਾ ਫਤੇਹ ਸ਼ਾਹ ਗੈਲੇ ਸਾਮ੍ਹੇ ਮਾਥੇ ਰਨ ਮੇਂ ਜੂਝ ਕਰ ਮਰਾ। ਗੈਲੋਂ ਸੰਗੋਸ਼ਾਹ, ਜੀਤਮਲ ਬੇਟੇ ਸਾਧੂ ਕੇ ਖੋਸਲੇ ਖਤਰੀ ਗੁਰੂ ਕੀ ਬੂਆ ਕੇ ਬੇਟੇ ਮਾਰੇ ਗਏ।

(ਭੱਟ ਸਾਹਿਬਾਨਾਂ ਦੀਆਂ ਖਿਆਤਾਂ)

ਲੜਾਈ ਜਿੱਤਣ ਤੋਂ ਬਾਅਦ, ਗੁਰੂ ਜੀ ਅਤੇ ਉਨ੍ਹਾਂ ਦੇ ਸਰਦਾਰ ਪਾਉਂਟਾ ਵਾਪਸ ਆ ਗਏ ਅਤੇ ਕਈ ਮਹੀਨਿਆਂ ਲਈ ਉੱਥੇ ਰਹੇ।



ਗੁਰਦੁਆਰਾ ਭੰਗਾਣੀ ਸਾਹਿਬ

ਉਹ ਅਸਥਾਨ ਜਿੱਥੇ ਭੰਗਾਣੀ ਦੀ ਲੜਾਈ ਲੜੀ ਗਈ ਸੀ

❒

## ਅਧਿਆਇ 11

# ਨਦੌਨ ਦੀ ਲੜਾਈ

ਸਰਕਾਰ-ਏ-ਜੰਮੂ ਦੇ ਮੁਗਲ ਫੌਜਦਾਰ ਮੀਆਂ ਖਾਨ ਨੇ ਪਹਾੜੀ ਰਾਜਪੂਤ ਰਿਆਸਤ ਬਿਲਾਸਪੁਰ ਉੱਤੇ ਹਮਲਾ ਕਰਕੇ ਇਸ ਉੱਤੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ। ਉਸ ਨੇ ਬਿਲਾਸਪੁਰ ਦੇ ਰਾਜੇ ਭੀਮ ਚੰਦ ਦੀ ਰਿਆਸਤ ਕਬਜ਼ਾਉਣ ਲਈ ਆਪਣੇ ਜਰਨੈਲ ਆਲਿਫ਼ ਖਾਨ ਨੂੰ ਸੈਨਾ ਦੇ ਕੇ ਭੇਜ ਦਿੱਤਾ। ਗੁਰੂ ਜੀ ਨੂੰ ਬਿਲਾਸਪੁਰ ਦੇ ਰਾਜਾ ਭੀਮ ਚੰਦ ਦੁਆਰਾ ਤੁਰਕਾਂ ਦੇ ਵਿਰੁੱਧ ਸਹਾਇਤਾ ਕਰਨ ਲਈ ਇੱਕ ਪੱਤਰ ਮਿਲਿਆ। ਰਾਜਾ ਭੀਮ ਚੰਦ ਨੇ ਗੁਰੂ ਗੋਬਿੰਦ ਰਾਏ ਜੀ ਦੀ ਸੈਨਿਕ ਮਦਦ ਮੰਗੀ ਕਿਉਂਕਿ ਅਨੰਦਪੁਰ ਵਿਖੇ ਗੁਰੂ ਜੀ ਦੇ ਅੰਗ ਸੰਗ ਨਾਮੀ ਗਰਾਮੀ ਸੂਰਮੇ ਰਿਹਾ ਕਰਦੇ ਸਨ।

**ਭੇਜੀ ਪਾਤੀ ਗੁਰਾਂ ਢਿਗ, ਭੀਮ ਚੰਦ ਨਰੇਸ਼,**
**ਹੇ ਸਤਿਗੁਰ ਰਛਿਆ ਕਰੋ, ਚਢ ਆਯੋ ਤੁਰ ਕੇਸ਼,**
**ਮਨੀ ਸਿੰਘ ਥੀ ਆਦਿ ਲੈ, ਨਾਮੀ ਨਾਮੀ ਬੀਰ,**
**ਪਹੁੰਚੇ ਗੁਰੂ ਨਦੌਨ ਮੇਂ, ਲੈ ਸਿਖਨ ਕੀ ਭੀਰ।**

**—ਪੰਡਿਤ ਭੱਟ ਸੇਵਾ ਸਿੰਘ ਜੀ**

ਰਾਜਾ ਭੀਮ ਚੰਦ ਗੁਰੂ ਗੋਬਿੰਦ ਰਾਏ ਜੀ ਅਤੇ ਉਨ੍ਹਾਂ ਦੇ ਸਰਦਾਰਾਂ ਨਾਲ ਚੰਗੇ ਸੰਬੰਧ ਰੱਖਦੇ ਸਨ। ਇਸ ਲਈ ਗੁਰੂ ਗੋਬਿੰਦ ਰਾਏ ਜੀ ਨੇ, ਬਿਲਾਸਪੁਰ ਦੇ ਰਾਜਾ ਭੀਮ ਚੰਦ ਦੀ ਮਦਦ ਕਰਨ ਦਾ ਫੈਸਲਾ ਕੀਤਾ ਸੀ। ਗੁਰੂ ਜੀ ਨੇ ਮਨੀ ਸਿੰਘ ਜੀ ਅਤੇ ਆਪਣੀ ਫ਼ੌਜ ਦੇ ਹੋਰ ਨਾਮਵਰ ਸਰਦਾਰਾਂ ਨੂੰ ਨਦੌਨ ਦੀ ਲੜਾਈ ਵਿੱਚ ਹਿੱਸਾ ਲੈਣ ਲਈ ਕਿਹਾ। ਦਸਮ ਗ੍ਰੰਥ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਦੇ ਨਾਵਾਂ ਦਾ ਵੀ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਰਾਜਾ ਭੀਮ ਚੰਦ ਦੇ ਹੱਕ ਵਿੱਚ ਲੜਨ ਦਾ ਫੈਸਲਾ ਕੀਤਾ ਸੀ। ਇਹ ਸਨ ਜਸਰੋਟਾ ਰਿਆਸਤ ਦੇ ਰਾਜਾ ਸੁਖਦੇਵ ਅਤੇ ਡਡਵਾਲ (ਦਾਤਰਪੁਰ) ਰਾਜ ਦੇ ਰਾਜਾ ਪ੍ਰਿਥੀ ਚੰਦ। ਗੁਰੂ ਜੀ ਨੇ ਦਸਮ ਗ੍ਰੰਥ ਵਿੱਚ ਇਹ ਵੀ ਦੱਸਿਆ ਹੈ ਕਿ ਕਾਂਗੜਾ ਦਾ ਸ਼ਾਸਕ ਰਾਜਾ ਕ੍ਰਿਪਾਲ ਚੰਦ ਕਟੋਚ ਮੁਗ਼ਲ ਫੌਜਦਾਰ ਆਲੀਫ਼ ਖ਼ਾਨ ਦੇ ਪੱਖ ਵਿੱਚ ਲੜ ਰਿਹਾ ਸੀ ਜੋ ਬਿਲਾਸਪੁਰ ਉੱਤੇ ਹਮਲਾ ਕਰਨ ਵਾਲਾ ਸੀ।

ਗੁਰੂ ਗੋਬਿੰਦ ਸਿੰਘ ਜੀ ਸ੍ਰੀ ਦਸਮ ਪਾਤਸ਼ਾਹ ਕਾ ਗ੍ਰੰਥ ਵਿੱਚ ਨਦੌਨ ਦੀ ਲੜਾਈ

ਬਾਰੇ ਲਗਭਗ 98 ਸਤਰਾਂ ਲਿਖਦੇ ਹਨ। ਗੁਰੂ ਜੀ ਨੇ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਨੇ ਦੁਸ਼ਮਣ ਧਿਰ ਦੇ ਇੱਕ ਸਰਦਾਰ ਨਾਲ ਪਹਿਲਾਂ ਬੰਦੂਕ ਨਾਲ ਅਤੇ ਫਿਰ ਤੀਰਾਂ ਨਾਲ ਮੁਕਾਬਲਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨਾਲ ਮੁਕਾਬਲਾ ਕਰਨ ਵਾਲੇ ਦੁਸ਼ਮਣ ਦੀ ਫ਼ੌਜ ਦੇ ਇਸ ਭੂਮੀਏ ਜਰਨੈਲ ਦਾ ਨਾਮ ਗੁਰੂ ਜੀ ਨੇ ਆਪ ਵੀ ਨਹੀਂ ਲਿਖਿਆ ਅਤੇ ਕਿਸੇ ਹੋਰ ਸਮਕਾਲੀ ਪਾਠ ਵਿੱਚ ਵੀ ਨਹੀਂ ਲਿਖਿਆ ਮਿਲਦਾ ਹੈ।

ਮਨੀ ਸਿੰਘ ਜੀ ਨੇ ਵੀ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਇਸ ਲੜਾਈ ਵਿੱਚ ਬੜੀ ਬਹਾਦਰੀ ਨਾਲ ਰਾਜਪੂਤੀ ਸ਼ਸਤ੍ਰਵਿਦਿਆ ਦੇ ਜੌਹਰ ਦਿਖਾਏ। ਇਸਦਾ ਜ਼ਿਕਰ ਰਾਜਪੂਤ ਸਿੱਖਾਂ ਦੇ ਰਾਏ ਭੱਟਾਂ ਦੇ ਬਿਰਤਾਂਤਾਂ ਵਿੱਚ ਵੀ ਮਿਲਦਾ ਹੈ।

**ਸੁਪੂਤ ਪੋਤਾ ਤਵੂ ਗਾਉਂ ਮਨੀ ਰਾਮ..**
**ਰੌਸ਼ਨ ਵੰਸ਼ ਜੱਲੇ ਕਾ ਕੀਤਾ**
**ਸਾਕਾ* ਕੀਆ ਨਦਾਵਨ ਤੈਂ ਨੇ**

**(ਪੰਡਿਤ ਭੱਟ ਦੇਸਾ ਸਿੰਘ ਜੀ)**

ਮਨੀ ਸਿੰਘ ਜੀ ਦੇ ਭਰਾਤਾ ਕੁੰਵਰ ਸੋਹਨਚੰਦ ਜੀ ਪੰਵਾਰ ਵੀ ਇਸ ਲੜਾਈ ਵਿੱਚ ਸ਼ਹੀਦ ਹੋ ਗਏ ਜਿਵੇਂ ਕਿ ਰਾਜਪੂਤ ਸਿੱਖਾਂ ਦੇ ਰਾਏ ਭੱਟ ਨੇ ਉਨ੍ਹਾਂ ਦੀਆਂ ਪੋਥੀਆਂ ਵਿੱਚ ਦੱਸਿਆ ਹੈ—


ਸੋਹਨ ਚੰਦ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲਾ ਕਾ, ਚੰਦਰਵੰਸ਼ੀ ਭਾਰਦਵਾਜ ਗੋਤਰ ਪੰਵਾਰ ਜਲ੍ਹਾਨਾ, ਸਾਲ ਸਤਰਾਂ ਸੈ ਸੈਂਤਾਲੀਸ ਚੇਤ ਪ੍ਰਵਿਸ਼ਟੇ ਬਾਈਸ ਗੁਰੂਵਾਰ ਕੇ ਦਿਹੁੰ ਗੁਰੂ ਦਾ ਬਚਨ ਪਾਇ ਨਦਾਉਣ ਕੇ ਮਲ੍ਹਾਨ, ਸਾਮੇਂ ਮਾਥੇ ਜੂਝ ਕਰ ਮਰਾ।

**(ਭੱਟ ਸਾਹਿਬਾਨਾਂ ਦੀਆਂ ਖਿਆਤਾਂ)**

ਅਖੀਰ ਵਿੱਚ ਗੁਰੂ ਜੀ ਦਾ ਪੱਖ ਇਹ ਲੜਾਈ ਜਿੱਤ ਗਿਆ ਅਤੇ ਨਦਾਉਨ ਦੀ ਇਸ ਲੜਾਈ ਤੋਂ ਬਾਅਦ ਸਾਰੇ ਮੁਗਲ, ਰਾਜੇ, ਰਾਜਕੁੰਵਰ ਅਤੇ ਜਰਨੈਲ ਆਪਣੇ ਸਥਾਨਾਂ ਤੇ ਵਾਪਸ ਚਲੇ ਗਏ। ਇਸ ਬਾਰੇ ਭੱਟ ਸਾਹਿਬਾਨ ਇਸ ਤਰ੍ਹਾਂ ਦੱਸਦੇ ਹਨ—

---

*'ਸਾਕਾ' ਇੱਕ ਸ਼ਬਦ ਹੈ ਜੋ ਰਾਜਪੂਤ ਰਾਜਿਆਂ ਅਤੇ ਰਾਜਕੁਮਾਰਾਂ ਨਾਲ ਬਹੁਤ ਪੁਰਾਣੇ ਸਮੇਂ ਤੋਂ ਜੁੜਿਆ ਹੋਇਆ ਹੈ। ਸਾਕਾ ਦਾ ਮਤਲਬ ਇਹ ਹੁੰਦਾ ਸੀ ਜਦੋਂ ਰਾਜਪੂਤ ਯੋਧੇ ਆਪਣੀ ਜ਼ਿੰਦਗੀ ਦੀ ਪਰਵਾਹ ਕੀਤੇ ਬਿਨਾਂ, ਲੜਾਈ ਦੇ ਮੈਦਾਨ ਵਿੱਚ ਬਹੁਤ ਬਹਾਦਰੀ ਨਾਲ ਲੜਦੇ ਸਨ। ਸਾਕਾ ਵਿੱਚ ਬਹੁਤੇ ਰਾਜਪੂਤ ਯੋਧੇ ਸ਼ਹੀਦ ਹੁੰਦੇ ਸਨ, ਕਿਉਂਕਿ ਰਾਜਪੂਤੀ ਸਾਕਾ ਰੀਤ ਦਾ ਅਰਥ ਹੀ ਇਹ ਹੁੰਦਾ ਸੀ ਜਦੋਂ ਰਾਜਪੂਤ ਰਾਜੇ ਅਤੇ ਰਾਜਕੁਮਾਰ ਸ਼ਹਾਦਤ ਪਾਉਣ ਲਈ ਤਿਆਰ ਹੋ ਕੇ ਹੀ ਜੰਗ ਦੇ ਮੈਦਾਨ ਵਿੱਚ ਉਤਰਦੇ ਸਨ।



ਨਦੌਨ ਦਾ ਗੁਰਦੁਆਰਾ

ਉਹ ਜਗ੍ਹਾ ਜਿੱਥੇ ਨਦੌਨ ਦੀ ਲੜਾਈ ਲੜੀ ਗਈ

**ਸਤ੍ਰਹ ਸੈ ਸੰਤਾਲੀਸ ਮਾਹਿ, ਚੈਤ ਮਾਸ ਕੀ ਬਾਈਸ ਆਹਿ,**

**ਫਤੇ ਭਈ ਜੀਤ ਘਰ ਆਏਗ਼ਜੇ ਆਪਨੇ ਧਾਮ ਸਿਧਾਏ**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਅਨੰਦਪੁਰ ਸਾਹਿਬ ਵਾਪਸ ਆਉਣ ਤੋਂ ਬਾਅਦ, ਗੁਰੂ ਜੀ ਨੇ, ਅਲੀਪੁਰ ਰਿਆਸਤ ਦੇ ਮਨੀ ਸਿੰਘ ਜੀ ਨੂੰ ਆਪਣਾ ਦੀਵਾਨ (ਮੰਤਰੀ) ਬਣਾਕੇ ਗੁਰੂ ਦਰਬਾਰ ਦੇ ੫੨ ਰਤਨਾਂ ਵਿੱਚੋਂ ਸਿਰਮੌਰ ਅਹੁਦਾ ਦਿੱਤਾ। ਇਸ ਦੀ ਗਵਾਹੀ ਰਾਏ ਭੱਟ ਦੁਆਰਾ ਦਿੱਤੀ ਗਈ ਹੈ।

**ਕਛੁਕ ਕਾਲ ਇਸ ਭਾਂਤ ਬਿਤਾਯੋ, ਚੁਨ ਚੁਨ ਚੋਰ ਸਭੀ ਗਹਿ ਘਾਯੋ,**

**ਮਨੀਏ ਤੇ ਗੁਰ ਕਿਰਪਾ ਹੋਈ, ਸਿਦਕੀ ਸਿਖ ਇਸ ਸਮ ਨਹਿ ਕੋਈ,**

**ਦਿਵਸ ਵਸੋਆ ਸੰਗਤ ਬੀਚ, ਗੁਰ ਦੀਵਾਨ ਮਨੀਏ ਤੂੰ ਕੀਚ**

**(ਪੰਡਿਤ ਭੱਟ ਸੇਵਾ ਸਿੰਘ ਜੀ)**

❐

## ਅਧਿਆਇ 12

# ਖਾਲਸੇ ਦੀ ਸਾਜਨਾ

ਗੁਰੂ ਗੋਬਿੰਦ ਰਾਏ ਜੀ ਨੇ 1699 ਵਿੱਚ ਆਪਣੇ ਸਿੱਖਾਂ ਵਿੱਚੋਂ ਖਾਲਸੇ ਨੂੰ ਤਿਆਰ ਕਰਣ ਦਾ ਫੈਸਲਾ ਕੀਤਾ। ਜੰਗੀ ਸਿੱਖਾਂ ਦੀ ਸਿਰਜਣਾ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਸਿੱਖਾਂ ਦੇ ਪਹਿਲੇ ਸ਼ਸਤ੍ਰੀਕਰਣ ਸਮੇਂ ਹੋਈ ਸੀ। ਉਸ ਦੇ ਮੁਕਾਬਲੇ ਖਾਲਸੇ ਦੀ ਸਾਜਨਾ ਬਹੁਤ ਵੱਡੇ ਪੱਧਰ ਉੱਤੇ ਸਿੱਖਾਂ ਦਾ ਸ਼ਸਤ੍ਰੀਕਰਣ ਸੀ। 1699 ਦੀ ਵੈਸਾਖੀ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ, ਗੁਰੂ ਗੋਬਿੰਦ ਰਾਏ ਜੀ ਨੇ ਗੁਰੂ ਜੀ ਦੇ ਰਾਜਪੂਤ ਮੰਤਰੀ, ਦੀਵਾਨ ਕੁੰਵਰ ਮਨੀਰਾਮ ਜੀ ਨੂੰ ਕਿਹਾ ਸੀ ਕਿ ਉਹ ਪੰਜ ਤੰਬੂਆਂ ਦਾ ਪ੍ਰਬੰਧ ਕਰਵਾ ਦੇਣ ਅਤੇ ਉਹਨਾਂ ਨੂੰ ਵੱਖਰੇ-ਵੱਖਰੇ ਤੌਰ 'ਤੇ ਪੱਕਾ ਕਰਾ ਦੇਣ।

''ਚੜ੍ਹਦੇ ਸਾਲ ਸਤਰਾਂ ਸੈ ਪਚਾਵਨ ਬੈਸਾਖੀ ਕੇ ਏਕ ਦਿਵਸ ਪਹਿਲੇ ਦੀਵਾਨ ਮਨੀਰਾਮ ਸੇ ਬਚਨ ਹੋਆ, ਪਾਂਚ ਤੰਬੂ ਅਲਹਿਦਾ ਅਲਹਿਦਾ ਲਾਇ ਦਿਏ ਜਾਂਏ।''

**(ਪੰਡਿਤ ਭੱਟ ਸਰੂਪ ਸਿੰਘ ਜੀ)**

ਉਪਰੰਤ ਗੁਰੂ ਜੀ ਦਵਾਰਾ ਭਾਈ ਚੌਪਤਰਾਏ ਜੀ, ਇੱਕ ਛਿੱਬਰ ਬ੍ਰਾਹਮਣ ਨੂੰ ਕਿਹਾ ਗਿਆ ਕਿ ਉਹ ਪੰਜ ਬੱਕਰਿਆ ਦਾ ਪ੍ਰਬੰਧ ਕਰਨ ਅਤੇ ਉਨ੍ਹਾਂ ਨੂੰ ਕ੍ਰਮਵਾਰ ਪੰਜ ਤੰਬੂਆਂ ਵਿੱਚ ਬੰਨ੍ਹਵਾਂ ਦੇਣ।

''ਭਾਈ ਚਉਪਤ ਰਾਇ ਦੀ ਤਰਫ ਦੇਖਾ, ਬਚਨ ਹੋਆ ਪਾਂਚ ਅਜਾ ਸੁਤ ਆਜ ਹੀ ਸੰਝ ਸਮੇਂ ਲਾਇ ਜਾਏ, ਤੰਬੂਓਂ ਮੇਂ ਏਕ-ਏਕ ਕਰਕੇ ਬੰਧਾਇ ਦੇਨਾ।''

**(ਪੰਡਿਤ ਭੱਟ ਸਰੂਪ ਸਿੰਘ ਜੀ)**

ਇਸ ਅਨੁਸਾਰ ਗੁਰੂ ਗੋਬਿੰਦ ਰਾਏ ਜੀ ਦੇ ਸਰਦਾਰਾਂ ਨੇ ਵਿਸਾਖੀ ਦੇ ਦਿਨ ਯੋਜਨਾਬੱਧ ਸਮਾਗਮ ਲਈ ਤੰਬੂ ਅਤੇ ਬਕਰਿਆਂ ਦਾ ਪ੍ਰਬੰਧ ਕੀਤਾ। ਇਸ ਇਤਿਹਾਸਕ ਸਮਾਗਮ ਲਈ ਵਿਸਾਖੀ ਦਾ ਦਿਨ ਚੁਣਿਆ ਗਿਆ ਸੀ ਕਿਉਂਕਿ ਇਸ ਦਿਨ ਪੂਰੇ ਭਾਰਤੀ ਉਪ ਮਹਾਂਦੀਪ ਦੇ ਕੋਨੇ ਕੋਨੇ ਤੋਂ ਸਿੱਖ ਅਨੰਦਪੁਰ ਸਾਹਿਬ ਆਉਂਦੇ ਸਨ ਅਤੇ ਹਰ ਸਾਲ ਇਸ ਦਿਨ ਇੱਕ ਵਿਸ਼ਾਲ ਸਮਾਗਮ ਆਯੋਜਿਤ ਕੀਤਾ ਜਾਂਦਾ ਸੀ।

ਗੁਰੂ ਗੋਬਿੰਦ ਰਾਏ ਜੀ ਦੇ ਸਰਦਾਰਾਂ ਨੇ ਤੰਬੂਆਂ ਦਾ ਪ੍ਰਬੰਧ ਕੀਤਾ ਅਤੇ ਯੋਜਨਾ

ਅਨੁਸਾਰ ਹਰੇਕ ਵਿੱਚ ਇੱਕ-ਇੱਕ ਬਕਰਾ ਰੱਖਵਾ ਦਿੱਤਾ। ਗੁਰੂ ਗੋਬਿੰਦ ਰਾਏ ਜੀ ਦੇ ਦਰਸ਼ਨ ਕਰਨ ਲਈ ਉਤਸੁਕ,ਵਿਸਾਖੀ ਵਾਲੇ ਦਿਨ ਲੱਖਾਂ ਸਿੱਖ ਸੰਗਤਾਂ ਨੂੰ ਗੁਰੂ ਜੀ ਨੇ ਨਮਸਕਾਰ ਕੀਤਾ। ਉਸ ਤੋਂ ਬਾਅਦ ਗੁਰੂ ਜੀ ਨੇ ਇੱਕ ਅਜਿਹਾ ਐਲਾਨ ਕੀਤਾ ਜਿਸਨੇ ਭੰਡਾਲ ਦੇ ਹਰ ਇੱਕ ਸਿੱਖ ਨੂੰ ਹੈਰਾਨ ਕਰ ਦਿੱਤਾ।

ਗੁਰੂ ਜੀ ਨੇ ਆਪਣੀ ਤਲਵਾਰ ਮਿਆਨ ਤੋਂ ਬਾਹਰ ਕੱਢੀ ਅਤੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਸਿੱਖਾਂ ਵਿੱਚੋਂ ਇੱਕ ਸਿਰ ਦੀ ਲੋੜ ਹੈ। ਗੁਰੂ ਜੀ ਨੇ ਤਿੰਨ ਵਾਰ ਇਹ ਐਲਾਨ ਸੰਗਤ ਵਿੱਚ ਕੀਤਾ। ਪਹਿਲਾਂ ਤਾਂ ਬਹੁਤ ਸਾਰੇ ਡਰ ਗਏ, ਪਰ ਸਿਆਲਕੋਟ ਦਾ ਵਸਨੀਕ ਸੋਬਤੀ ਖੱਤਰੀ, ਭਾਈ ਦਯਾਰਾਮ ਆਪਣਾ ਸੀਸ ਭੇਟ ਕਰਨ ਲਈ ਤਿਆਰ ਹੋ ਕੇ ਸਾਹਮਣੇ ਖੜਾ ਹੋਇਆ। ਗੁਰੂ ਸਾਹਿਬ ਭਾਈ ਦਯਾਰਾਮ ਨੂੰ ਬਾਂ ਤੋਂ ਪਕੜ ਕੇ ਇੱਕ ਤੰਬੂ ਵਿੱਚ ਲੈ ਗਏ ਅਤੇ ਭਾਈ ਦਯਾਰਾਮ ਨੂੰ ਇੱਕ ਬਕਰਾ ਝਟਕਾਉਣ ਲਈ ਹੁਕਮ ਕੀਤਾ।

ਲਹੂ ਤੰਬੂ ਵਿੱਚੋਂ ਬਾਹਰ ਆਇਆ ਅਤੇ ਗੁਰੂ ਜੀ ਲਹੂ ਵਿੱਚ ਭਿੱਜੀ ਤਲਵਾਰ ਨਾਲ ਤੰਬੂ ਵਿੱਚੋਂ ਬਾਹਰ ਆਏ। ਭੰਡਾਲ ਵਿੱਚ ਬੈਠੇ ਸਿੱਖਾਂ ਨੂੰ ਇਹ ਯਕੀਨ ਦਿਵਾਉਣ ਲਈ ਕਾਫੀ ਸੀ ਕਿ ਗੁਰੂ ਜੀ ਨੇ ਭਾਈ ਦਯਾਰਾਮ ਦਾ ਸਿਰ ਕਲਮ ਕਰ ਦਿੱਤਾ ਹੈ, ਜਦ ਕੇ ਸਭ ਦੇ ਮਨਾਂ ਦੀਆਂ ਜਾਣਦੇ ਗੁਰੂ ਜੀ ਨੇ ਬੱਕਰੇ ਦਾ ਸਿਰ ਕਲਮ ਕਰਵਾਇਆ ਸੀ। ਮਹਾਨਤਾ ਦੇ ਪੁੰਜ ਅਤੇ ਸਰਬਗਿਆਨੀ ਗੁਰੂ ਗੋਬਿੰਦ ਰਾਏ ਜੀ ਇਸ ਕੌਤਕ ਨਾਲ ਆਪਣੇ ਸਿੱਖਾਂ ਦੀ ਯੋਧਾ ਬਣਨ ਦੀ ਯੋਗਤਾ ਦੀ ਪਰਖ ਕਰ ਰਹੇ ਸਨ। ਕਿਉਂਕਿ ਯੋਧਾ ਉਹ ਹੀ ਬਣ ਸਕਦਾ ਹੈ ਜੋ ਆਪਣਾ ਸਿਰ ਤਲੀ ਤੇ ਰੱਖਣ ਲਈ ਤਿਆਰ ਹੋਵੇ।

ਗੁਰੂ ਜੀ ਦੀ ਅਗਲੀ ਪੁਕਾਰ ਤੇ ਦਵਾਰਕਾ ਵਾਸੀ ਮੋਹਕਮਚੰਦ ਛੀਂਬਾ ਸਿਰ ਭੇਟ ਕਰਨ ਲਈ ਖੜਾ ਹੋ ਗਿਆ। ਉਨ੍ਹਾਂ ਤੋਂ ਬਾਅਦ ਬਿਦਰ ਸ਼ਹਿਰ ਦਾ ਰਹਿਣ ਵਾਲਾ ਭਾਈ ਸਾਹਿਬ ਚੰਦ, ਇੱਕ ਨਾਈ ਸਿੱਖ ਸੀਸ ਭੇਟ ਕਰਨ ਲਈ ਆਣ ਖਲੋਤਾ। ਉਸ ਤੋਂ ਬਾਅਦ ਚੌਥੀ ਵਾਰੀ ਗੁਰੂ ਜੀ ਨੇ ਫੇਰ ਇੱਕ ਸਿਰ ਦੀ ਮੰਗ ਕੀਤੀ, ਤਾਂ ਹਸਤੀਨਾਪੁਰ ਦਾ ਵਸਨੀਕ ਧਰਮਚੰਦ ਨਾਮ ਦਾ ਜੱਟ ਸੀਸ ਭੇਟ ਕਰਨ ਲਈ ਖੜਾ ਹੋਇਆ। ਗੁਰੂ ਜੀ ਦੀ ਪੰਜਵੀ ਅਤੇ ਆਖਰੀ ਪੁਕਾਰ ਤੇ ਜਗਨਨਾਥ ਵਾਸੀ ਹਿੰਮਤਚੰਦ ਮੈਹਰਾ ਸਿੱਖ ਸਿਰ ਭੇਟ ਕਰਨ ਲਈ ਤਿਆਰ ਹੋ ਗਿਆ। ਇਹਨਾਂ ਪੰਜਾਂ ਦੇ ਬਾਅਦ ਗੁਰੂ ਜੀ ਉਨ੍ਹਾਂ ਨੂੰ ਆਪਣੇ ਆਪਣੇ ਤੰਬੂਆਂ ਤੋਂ ਬਾਹਰ ਲੈ ਆਏ ਅਤੇ ਉਹਨਾਂ ਨੂੰ ਆਪਣੇ "ਪੰਜ ਪਿਆਰੇ" ਹੋਣ ਦਾ ਖਿਤਾਬ ਦਿੱਤਾ। ਧਿਆਨ ਦੇਣ ਵਾਲੀ ਗੱਲ ਹੈ ਕਿ ਇਨ੍ਹਾਂ ਪੰਜਾਂ ਵਿੱਚੋਂ ਬਹੁਤੇ ਸਿੱਖ ਗੈਰ-ਯੋਧੇ ਪਿਛੋਕੜ ਦੇ ਸਨ ਅਤੇ ਉਨ੍ਹਾਂ ਨੂੰ ਫੌਜਾਂ ਵਿੱਚ ਯੋਧੇ ਬਨਾਉਣ ਲਈ ਗੁਰੂ ਜੀ ਨੇ ਇਨ੍ਹਾਂ ਦੀ ਯੋਗਤਾ ਨੂੰ ਪਰਖਣ ਲਈ ਇਹ ਆਲੌਕਿਕ ਖੇਡ ਰਚਾਈ ਸੀ।

ਇਸ ਤੋਂ ਬਾਅਦ ਸਾਹਿਬੇਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਬਣਵਾਈ ਅਤੇ ਇਹਨਾਂ ਪੰਜ ਪਿਆਰਿਆਂ ਨੂੰ ਛਕਾ ਦਿੱਤੀ। ਫਿਰ ਗੁਰੂ ਗੋਬਿੰਦ ਰਾਏ ਜੀ ਨੇ

ਪੰਜ ਪਿਆਰਿਆਂ ਤੋਂ ਉਹੀ ਪਾਹੁਲ ਲਈ। ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦੇ ਦੀਵਾਨ ਅਤੇ ਸਰਦਾਰ ਜੋ ਇਸ ਸਮਾਗਮ ਦੀ ਯੋਜਨਾ ਦਾ ਹਿੱਸਾ ਵੀ ਸਨ, ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਖੰਡੇ ਬਾਟੇ ਦੀ ਪਾਹੁਲ ਲਈ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਪਾਹੁਲ ਲੈਣ ਵਾਲਿਆਂ ਦਾ ਸਹੀ ਕ੍ਰਮ ਦੱਸਿਆ ਗਿਆ ਹੈ। ਗੁਰੂ ਪਦ ਪ੍ਰੇਮ ਪ੍ਰਕਾਸ਼ ਵਰਗੇ ਹੋਰਨਾਂ ਗ੍ਰੰਥਾਂ ਵਿੱਚ ਵੀ, ਪੰਜ ਪਿਆਰਿਆਂ ਨੂੰ ਪਾਹੁਲ ਦਿੱਤੇ ਜਾਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੇ ਰਾਜਪੂਤ ਸਰਦਾਰਾਂ ਦੁਆਰਾ ਪਾਹੁਲ ਲੈਣ ਦਾ ਜ਼ਿਕਰ ਹੈ, ਜੋ ਵੀ ਗੁਰੂ ਜੀ ਨਾਲ ਇਸ ਆਲੌਕਿਕ ਯੋਜਨਾ ਦਾ ਹਿੱਸਾ ਸਨ।

**ਭਯੋ ਆਲਮ ਸਿੰਘ ਨਚਨਾ, ਸਿਆਲਕੋਟ ਰਾਜਪੂਤ,**
**ਫੇਰ *ਮਾਈਦਾਸ ਸੁਤ ਰਾਜਪੂਤ ਅੱਤ ਮਜ਼ਬੂਤ,**
**ਨਿਕਟ ਹੈ ਮੁਲਤਾਨ ਕੇ ਇਨ ਅਲੀ **ਗਢ ਅਸਥਾਨ,**
**ਤਾਂਹਿ ਕੇ ਸੁਤ ਪਾਂਚ, ਪਾਂਚੋ ਭਏ ਸਿੰਘ ਸੁਜਾਨ,**
**ਉਦੈ ਸਿੰਘ ਬਚਿੱਤ੍ਰ ਸਿੰਘ, ਅਨਕ ਸਿੰਘ ਸੁ ਬੀਰ,**
**ਅਜਬ ਸਿੰਘ ਸੁਮਤ ਅਜਾਇਬ ਸਿੰਘ ਰਣਧੀਰ**

(ਸੁਮੇਰ ਸਿੰਘ, ਗੁਰੂ ਪਦ ਪ੍ਰੇਮ ਪ੍ਰਕਾਸ਼)

**ਆਲਮ ਸਿੰਘ ਨਚਨਾ ਗੁਰ ਕਹੈਂ। ਸਿਆਲਕੋਟ ਕੀ ਵਾਸੀ ਅਹੈ॥ 24॥**
**ਜਾਤਿ ਹੁਤੀ ਰਾਜਪੂਤ ਤਿਸੀ ਕੀ। ਸੀਖ ਰਹਿਤ ਲੇ ਪਾਹੁਲ ਨੀਕੀ।**
**ਪੁਰਿ ਮੁਲਤਾਨ ਅਲੀਪੁਰਿ ਨੇਰੇ। ਮਾਈ ਦਾਸ ਰਾਜਪੂਤ ਬਸੇਰੇ॥ 25॥**
**ਤਿਸ ਕੇ ਮਨੀ ਰਾਮ ਸੁਤ ਹੋਯੋ। ਆਹਿ ਤਹਾਂ ਗੁਰਦ ਸ਼ਨ ਜੋਯੋ।**
**ਪੰਚ ਪੁੱਤ੍ਰ ਲੇ ਅਪਨੇ ਸਾਥ॥ ਸ਼ਰਨੀ ਪਰਯੋ ਰਹਯੋ ਗੁਰਨਾਥ॥ 26॥**
**ਸੋ ਪੰਚਹੁ ਭ੍ਰਾਤਾ ਕਰਿ ਖਰੇ। ਸਿੰਘ ਨਾਮ ਤਿਨ ਕੇ ਗੁਰ ਧਰੇ।**
**ਬਡੋ ਬਚਿੱਤ੍ਰ ਸਿੰਘ ਭਟ ਭਯੋ॥ ਉਦੇ ਸਿੰਘ ਦੂਸਰ ਬਿਦਤਯੋ॥ 27॥**
**ਅਨਕ ਸਿੰਘ ਅਰੁ ਅਜਬ ਸਿੰਘ ਪੁਨ। ਪੰਚਮ ਭਯੋ ਅਜਾਇਬ ਸਿੰਘ ਗੁਨਿ।**
**ਅੰਮ੍ਰਿਤ ਖੰਡੇ ਦੋ ਤਿਨ ਦੀਨਾ। ਮਨਹੁ ਪੰਚ ਪਾਂਡਵ ਬਲਪੀਨਾ॥ 28॥**
**ਰਣ ਮਹਿ ਕਰੇ ਕਰਮ ਜਿਨ ਭੀਖਨ। ਰਿਪੁ ਮਾਰੇ ਜਿਨ ਸ਼ਸਤ੍ਰਨਿ ਭੀਖਨ।**

(ਕਵੀ ਚੂੜਾਮਣੀ ਭਾਈ ਸੰਤੋਖ ਸਿੰਘ, ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ,

ਖਾਲਸਾ ਰਾਜ ਵੇਲੇ ਲਿਖਿਆ ਗਿਆ ਖਾਲਸੇ ਦਾ ਸਭ ਤੋਂ ਸਨਮਾਨਿਤ ਇਤਿਹਾਸਕ ਗ੍ਰੰਥ)

---

*ਮਾਈਦਾਸ ਸੁਤ ਤੋਂ ਭਾਵ ਹੈ ਅਲੀਪੁਰ ਰਿਆਸਤ ਦੇ ਠਾਕੁਰ, ਰਾਉ ਮਾਈਦਾਸ ਜੀ ਦੇ ਸਪੁੱਤਰ ਕੁੰਵਰ ਮਨੀ ਸਿੰਘ ਜੀ।

**ਮੁਲਤਾਨ ਦੀ ਅਲੀਪੁਰ ਰਿਆਸਤ ਦੇ ਕਿਲ੍ਹੇ ਤੋਂ ਲੇਖਕ ਨੇ ਅਲੀ 'ਗਢ' ਲਿਖਿਆ ਪ੍ਰਤੀਤ ਹੁੰਦਾ ਹੈ। ਗੜ੍ਹ ਦਾ ਸ਼ਬਦੀ ਅਰਥ ਹੁੰਦਾ ਹੈ ਕਿਲ੍ਹਾ।

ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਇਨ੍ਹਾਂ ਰਾਜਪੂਤ ਸਿੱਖ ਸੂਰਬੀਰਾਂ ਤੋਂ ਬਾਅਦ ਹਜ਼ਾਰਾਂ ਸਿੱਖ ਸੰਗਤਾਂ ਨੇ ਪਾਹੁਲ ਲੈ ਲਈ ਅਤੇ ਯੋਧੇ ਬਣ ਗਏ। ਔਰੰਗਜ਼ੇਬ ਦੇ ਅਖਬਾਰ ਨਵੀਸ ਨੇ ਇਸ ਵੇਲੇ 20 ਹਜ਼ਾਰ ਦੇ ਅੰਮ੍ਰਿਤ ਛਕਣ ਦੀ ਮੁਗਲ ਬਾਦਸ਼ਾਹ ਨੂੰ ਖਬਰ ਘੱਲੀ ਲਿਖੀ ਮਿਲਦੀ ਹੈ। ਇਹ ਭਾਰਤੀ ਇਤਿਹਾਸ ਦੀ ਇੱਕ ਇਤਿਹਾਸਕ ਘਟਨਾ ਸੀ ਜਿੱਥੇ ਗੈਰ-ਯੋਧੇ ਪਿਛੋਕੜ ਦੇ ਲੋਕਾਂ ਨੂੰ ਇੰਨੇ ਵੱਡੇ ਪੱਧਰ 'ਤੇ ਯੋਧਾ ਬਣਾ ਦਿੱਤਾ; ਗਿਆ ਸੀ।

**ਇਨ ਤੇ ਆਦਿਕ ਭਏ ਹਜ਼ਾਰੇ। ਅੰਮ੍ਰਿਤ ਲੇਤਿ ਰਹਿਤ ਕੋ ਧਾਰੇ ॥29॥**

**— ਭਾਈ ਸੰਤੋਖ ਸਿੰਘ ਜੀ, ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ**

ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਰਦਾਰਾਂ ਦੁਆਰਾ ਮੁਗਲਾਂ ਵਿਰੁੱਧ ਲੜਨ ਲਈ ਇਸ ਯੋਧਾਕਰਣ ਨੂੰ ਕਰਨ ਦੀ ਜ਼ਰੂਰਤ ਵੱਡੀ ਫੌਜ ਦੀ ਜ਼ਰੂਰਤ ਜਾਪਦੀ ਹੈ। ਇਸ ਲਈ ਕਿਉਂਕਿ ਉਸ ਸਮੇਂ ਭਾਰਤ ਦੀਆਂ ਕਈ ਯੋਧਾ ਸ਼੍ਰੇਣੀਆਂ ਮੁਗਲਾਂ ਅਤੇ ਅਫ਼ਗਾਨਾਂ ਦੀਆਂ ਭਾਈਵਾਲ ਬਣ ਗਈਆਂ ਸਨ। ਸੋ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਰਾਜਪੂਤ ਸਰਦਾਰਾਂ ਨੂੰ ਇਹ ਇਤਿਹਾਸਕ ਕਦਮ ਚੁੱਕਣਾ ਪਿਆ।

ਦਸਵੇਂ ਗੁਰੂ ਜੀ ਦੇ ਸ਼ਸਤਰਵਿਦਿਆ ਉਸਤਾਦ ਸਰਦਾਰ ਬੱਜਰ ਸਿੰਘ ਰਾਠੌਰ ਜੀ ਨੇ ਵੀ ਇੰਨੇ ਵੱਡੇ ਪੱਧਰ ਉੱਤੇ ਸਿੱਖਾਂ ਦੇ ਸ਼ਸਤ੍ਰੀਕਰਨ ਵਿੱਚ ਅਹਿਮ ਯੋਗਦਾਨ ਪਾਇਆ। ਰਾਜਾ ਅਜੀਤ ਸਿੰਘ ਲਾਡਵਾ ਜਿਨ੍ਹਾਂ ਦੇ ਦਰਬਾਰ ਵਿੱਚ ਇਹ ਮਹਾਂਕਾਵਿ ਸ਼ਹੀਦ ਬਿਲਾਸ ਭਾਈ ਮਨੀ ਸਿੰਘ ਲਿਖਿਆ ਗਿਆ ਸੀ,ਉਹ ਵੀ ਸਰਦਾਰ ਬੱਜਰ ਸਿੰਘ ਜੀ ਰਾਠੌਰ ਦੇ ਪਰਿਵਾਰ ਵਿੱਚੋਂ ਹੀ ਸਨ।

❒

## ਅਧਿਆਇ 13

# ਔਰੰਗਜ਼ੇਬ ਵਲੋਂ ਕਾਨੂੰਨਾਂ ਦੀ ਸਖ਼ਤਾਈ

ਅਨੰਦਪੁਰ ਦੇ ਆਸ ਪਾਸ ਦੇ ਰਾਜਾਂ ਦੇ ਹਿੰਦੂ ਰਾਜਪੂਤ ਰਾਜੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਰਦਾਰਾਂ ਨਾਲ 1699 ਤੱਕ ਚੰਗੇ ਸੰਬੰਧ ਰੱਖਦੇ ਸਨ। ਪਰ 1699 ਵਿੱਚ, ਵੱਡੇ ਪੈਮਾਨੇ ਤੇ ਸਿੱਖਾਂ ਦੇ ਦੂਸਰੇ ਸ਼ਸਤ੍ਰੀਕਰਨ ਤੋਂ ਬਾਅਦ, ਆਲੇ ਦੁਆਲੇ ਦੇ ਰਾਜਪੂਤ ਰਾਜਿਆਂ ਉੱਤੇ ਦਿੱਲੀ ਦਰਬਾਰ ਦਾ ਬਹੁਤ ਦਬਾਅ ਵੱਧ ਗਿਆ। ਇਸ ਦਬਾਅ ਦਾ ਕਾਰਨ ਇਹ ਸੀ ਕਿ, ਔਰੰਗਜ਼ੇਬ ਨੇ ਹਥਿਆਰ ਰੱਖਣ ਦੇ ਨਿਯਮਾਂ ਦੀ ਸਖ਼ਤ ਪਾਲਨਾ ਲਈ ਫ਼ੁਰਮਾਨ ਜਾਰੀ ਕੀਤੇ ਸਨ।

ਮਾਸੀਰ-ਏ-ਆਲਮਗੀਰੀ ਵਿੱਚ ਔਰੰਗਜ਼ੇਬ ਵੱਲੋਂ ਜਾਰੀ ਇਸ ਫ਼ੁਰਮਾਨ ਦਾ ਜ਼ਿਕਰ ਹੈ ਕਿ ਪੂਰੇ ਭਾਰਤ ਦੇ ਹਿੰਦੂਆਂ ਵਿੱਚ ਹੋਰ ਕੋਈ ਵੀ ਹਥਿਆਰ ਨਹੀਂ ਰੱਖ ਸਕਦਾ, ਸਿਰਫ ਰਾਜਪੂਤ ਹੀ ਹਥਿਆਰ ਰੱਖ ਸਕਦੇ ਅਤੇ ਘੋੜੇ, ਹਾਥੀ ਤੇ ਪਾਲਕੀ ਤੇ ਚੜ ਸਕਦੇ ਹਨ। ਇਸ ਫਰਮਾਨ ਦਾ ਕਾਰਨ ਦੇਸ਼ ਦੇ ਵੱਖ-ਵੱਖ ਹਿੱਸਿਆ ਵਿੱਚ ਵਿਦਰੋਹ ਦੀਆਂ ਘਟਨਾਵਾਂ ਦਾ ਵਧਣਾ ਪ੍ਰਤੀਤ ਹੁੰਦਾ ਹੈ, ਜਿਥੇ ਗੈਰ-ਯੋਧੇ ਵਰਗ ਦੇ ਲੋਕ ਮੁਗਲ ਸਰਕਾਰ ਅਤੇ ਜਗੀਰਦਾਰਾਂ ਵਿਰੁੱਧ ਬਗ਼ਾਵਤ ਕਰਨ ਲੱਗ ਪਏ ਸਨ।

ਔਰੰਗਜ਼ੇਬ ਦਾ ਇਹ ਫਰਮਾਨ ਸੰਨ 1694 ਵਿੱਚ ਮਾਸਿਰ-ਏ-ਆਲਮਗੀਰੀ (Translated by J.N.Sarkar) ਵਿੱਚ ਇਸ ਤਰ੍ਹਾਂ: ਦਰਜ ਹੈ—

Orders were issued at court (Delhi Darbar) and in the provinces (Subahas & Sarkars) that, no Hindu except Rajputs should bear arms, ride elephants, horses or palki.

ਅਨੁਵਾਦ-ਬਾਦਸ਼ਾਹ (ਔਰੰਗਜ਼ੇਬ) ਵੱਲੋਂ ਦਿੱਲੀ ਦਰਬਾਰ ਅਤੇ ਸਾਰੇ ਸੂਬਿਆਂ ਅਤੇ ਸਰਕਾਰਾਂ ਵਿੱਚ ਇਹ ਫ਼ਰਮਾਨ ਜਾਰੀ ਕੀਤੇ ਗਏ ਕਿ, ਕੋਈ ਵੀ ਗ਼ੈਰ-ਰਾਜਪੂਤ ਹਿੰਦੂ ਸ਼ਸਤ੍ਰ ਰੱਖ ਜਾਂ ਚਲਾ ਨਹੀਂ ਸਕਦਾ, ਨਾ ਘੋੜਸਵਾਰੀ ਕਰ ਸਕਦਾ ਹੈ ਅਤੇ ਨਾਂ ਹੀ ਹਾਥੀਆਂ ਪਾਲਕੀਆਂ ਦੀ ਸਵਾਰੀ ਕਰ ਸਕਦਾ ਹੈ।

ਹਜ਼ਾਰਾਂ ਸਾਲਾਂ ਤੋਂ ਭਾਰਤ ਦੇ ਵਿੱਚ ਚਲਦੇ ਆ ਰਹੇ ਕਾਨੂੰਨਾਂ ਵਿੱਚੋਂ ਇਹ ਕਾਨੂੰਨ

ਕਾਫ਼ੀ ਸਖ਼ਤ ਸੀ ਜਿਸ ਅਨੁਸਾਰ ਕੋਈ ਵੀ ਇਨਸਾਨ ਆਪਣੀ ਜਾਤੀ ਤੇ ਪੈਮਾਨੇ ਨੂੰ ਤੋੜਨ ਲਈ ਅਸਮਰਥ ਸੀ, ਜੋ ਕਿ ਵਿਸ਼ੇਸ਼ ਕਿੱਤਿਆਂ ਦੇ ਹਿਸਾਬ ਨਾਲ ਵੰਡੇ ਹੋਏ ਹੁੰਦੇ ਸਨ। ਜਿੱਥੇ ਕੇਵਲ ਬ੍ਰਾਹਮਣ ਦਾ ਪੁੱਤਰ ਪਾਠ ਪੂਜਾ ਕਰਨ ਅਤੇ ਪੜ੍ਹਨ ਪੜ੍ਹਾਉਣ ਦਾ ਕੰਮ ਕਰ ਸਕਦਾ ਸੀ, ਕੇਵਲ ਰਾਜਪੂਤ ਕਸ਼ੱਤਰੀ ਵਰਣ ਵਾਲੇ ਦਾ ਪੁੱਤਰ ਹੀ ਹਥਿਆਰ ਰੱਖ ਜਾਂ ਚਲਾ ਸਕਦਾ ਸੀ ਸ਼ਸਤਰ ਵਿੱਦਿਆ ਸਿਖ ਸਿਖਾ ਸਕਦਾ ਸੀ ਅਤੇ ਘੋੜਿਆਂ ਹਾਥੀਆਂ ਪਾਲਕੀਆਂ ਦੀ ਸਵਾਰੀ ਕਰ ਸਕਦਾ ਸੀ, ਇੱਕ ਵਪਾਰੀ ਦਾ ਪੁੱਤਰ ਕੇਵਲ ਵਪਾਰ ਹੀ ਕਰ ਸਕਦਾ ਸੀ ਅਤੇ ਮਿਹਨਤਕਸ਼ ਜਾਤਾਂ ਵਿੱਚੋਂ ਇੱਕ ਕਾਸ਼ਤਕਾਰ ਕਿਸਾਨ ਦਾ ਪੁੱਤਰ ਕੇਵਲ ਕਿਸਾਨ,ਤਰਖਾਣ ਦਾ ਪੁੱਤਰ ਤਰਖਾਣ,ਲੁਹਾਰ ਦਾ ਪੁੱਤਰ ਲੋਹੇ ਦਾ ਕੰਮ ਕਰਨ ਵਾਲਾ, ਚਮੜੇ ਦਾ ਕੰਮ ਕਰਨ ਵਾਲੇ ਦਾ ਪੁੱਤਰ ਚਮੜੇ ਦਾ ਕੰਮ ਹੀ ਅਤੇ ਸਫਾਈ ਕਰਨ ਵਾਲੇ ਦਾ ਪੁੱਤਰ ਸਫਾਈ ਕਰਨ ਵਾਲਾ ਹੀ ਬਣ ਸਕਦਾ ਸੀ।

ਕੋਈ ਵੀ ਇਨਸਾਨ ਇਸ ਆਦਿ-ਕਾਲ ਤੋਂ ਚੱਲਦੇ ਪੈਮਾਨੇ ਨੂੰ ਤੋੜਨ ਦੀ ਹਿੰਮਤ ਨਹੀਂ ਕਰਦਾ ਸੀ, ਜੇ ਕੋਈ ਕਰਦਾ ਉਸਨੂੰ ਭਿਆਨਕ ਤਰੀਕੇ ਨਾਲ ਸਜ਼ਾ ਦਿੱਤੀ ਜਾਂਦੀ ਸੀ। ਕੁੱਝ ਜਗਾਹ ਦੇ ਜਗੀਰਦਾਰਾਂ ਦੇ ਤਸ਼ਦੱਦ ਨੇ ਮਿਹਨਤਕਸ਼ ਲੋਕਾਂ ਨੂੰ ਆਪਣੀ ਜਾਤੀ ਦੇ ਪੈਮਾਨੇ ਤੋਂ ਲੰਘ ਕੇ ਆਪਣਾ ਰੋਸ ਜ਼ਾਹਰ ਕਰਨ ਲਈ ਮਜਬੂਰ ਕਰ ਦਿੱਤਾ ਸੀ। ਜਿਸ ਕਰਕੇ ਉਸ ਸਮੇਂ ਦੇ ਹਿੰਦੁਸਤਾਨ ਵਿੱਚ ਵੱਖ-ਵੱਖ ਇਲਾਕਿਆਂ ਵਿੱਚ ਇਨ੍ਹਾਂ ਮਿਹਨਤਕਸ਼ ਲੋਕਾਂ ਨੇ ਜਗੀਰਦਾਰਾਂ ਵਿਰੁੱਧ ਵਿਦਰੋਹ ਕਰਨਾ ਸ਼ੁਰੂ ਕਰ ਦਿੱਤਾ, ਜਿਨ੍ਹਾਂ ਵਿੱਚ ਸਤਨਾਮੀ ਵਿਦਰੋਹ, ਦਿੱਲੀ ਲਾਗੇ ਦੇ ਕਾਸ਼ਤਕਾਰ ਕਿਸਾਨਾਂ ਦਾ ਗੋਕੁਲ ਦੀ ਅਗਵਾਈ ਹੇਠ ਵਿਦਰੋਹ ਉਦਾਹਰਨ ਹਨ। ਸੋ ਇਨ੍ਹਾਂ ਵਿਦਰੋਹਾਂ ਤੋਂ ਪਰੇਸ਼ਾਨ ਔਰੰਗਜ਼ੇਬ ਨੇ ਜਾਤੀ ਆਧਾਰਤ ਇਹਨਾਂ ਫ਼ਰਮਾਨਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਸੰਦੇਸ਼ ਜਾਰੀ ਕੀਤੇ ਕਿ ਕੋਈ ਵੀ ਗੈਰ-ਕਸ਼ੱਤਰੀ ਜਾਂ ਗ਼ੈਰ-ਰਾਜਪੂਤ ਹਿੰਦੂ ਸ਼ਸਤਰ ਨਹੀਂ ਰੱਖ ਸਕਦਾ ਤਾਂ ਜੋ ਇਨ੍ਹਾਂ ਉੱਠ ਰਹੇ ਵਿਦਰੋਹਾਂ ਨੂੰ ਠੱਲ੍ਹ ਪਾਈ ਜਾ ਸਕੇ।

ਖ਼ਾਲਸਾ ਸਾਜਨਾ ਦੇ ਦਿਨ ਤੋਂ ਹੀ, ਸਿੱਖਾਂ ਦੀ ਜਾਤੀ ਅਤੇ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਹਰ ਰੋਜ਼ ਹੀ ਸਿੱਖ ਸਰਦਾਰਾਂ ਵੱਲੋਂ ਆਮ ਸਿੱਖਾਂ ਦਾ ਸ਼ਸਤ੍ਰੀਕਰਨ ਕੀਤਾ ਜਾ ਰਿਹਾ ਸੀ। ਇੱਥੋਂ ਤੱਕ ਕਿ, ਪੰਜ ਪਿਆਰੇ, ਜਿਨ੍ਹਾਂ ਨੇ ਆਪਣੇ ਸਿਰ ਭੇਟ ਕਰਨ ਦੀ ਪੇਸ਼ਕਸ਼ ਦਸਮ ਪਾਤਸ਼ਾਹ ਨੂੰ ਕੀਤੀ ਸੀ, ਵਿੱਚੋਂ ਬਹੁਤੇ ਗ਼ੈਰ-ਕਸ਼ਤਰੀਆ ਪਿਛੋਕੜ ਦੇ ਸਨ। ਉਨ੍ਹਾਂ ਤੋਂ ਇਲਾਵਾ ਗ਼ੈਰ-ਰਾਜਪੂਤ ਪਿਛੋਕੜ ਦੇ ਹਜ਼ਾਰਾਂ ਸਿੱਖਾਂ ਨੂੰ ਸ਼ਸਤਰਵਿਦਿਆ ਦਿੱਤੀ ਜਾ ਰਹੀ ਸੀ ਅਤੇ ਖੰਡੇ ਦੀ ਪਾਹੁਲ ਤੋਂ ਬਾਅਦ ਯੋਧਿਆਂ ਵਿੱਚ ਤਬਦੀਲ ਕੀਤੇ ਜਾ ਰਹੇ ਸਨ।

ਇਹ ਉਸ ਦੌਰ ਦੇ ਕਾਨੂੰਨਾਂ ਦੀ ਸਿੱਧੀ ਅਤੇ ਬਹੁਤ ਵੱਡੇ ਪੱਧਰ ਉੱਤੇ ਉਲੰਘਣਾ ਸੀ, ਜਿਸ ਤਹਿਤ ਰਾਜਪੂਤਾਂ ਤੋਂ ਇਲਾਵਾ; ਕੋਈ ਵੀ ਹਿੰਦੂ ਹਥਿਆਰ ਰੱਖਣ ਜਾਂ ਘੋੜੇ ਦੀ

ਸਵਾਰੀ ਨਹੀਂ ਕਰ ਸਕਦਾ ਹੈ। ਇਸ ਲਈ ਪਹਾੜੀ ਸ਼ਾਸਕਾਂ ਦੁਆਰਾ ਅਨੰਦਪੁਰ ਦੇ ਕਿਲ੍ਹਿਆਂ 'ਤੇ ਅਚਾਨਕ ਅਤੇ ਨਿਰੰਤਰ ਹਮਲਿਆਂ ਦਾ ਇਹ ਕਾਰਨ ਜਾਪਦਾ ਹੈ।

ਕਿਉਂਕਿ ਅਜੇ ਕੁੱਝ ਸਾਲ ਪਹਿਲਾਂ ਤੱਕ ਤਾਂ, 1696 ਦੀ ਗੁਲੇਰ ਦੀ ਜੰਗ ਤੱਕ ਇਹ ਪਹਾੜੀ ਰਾਜਪੂਤ ਰਾਜੇ, ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਰਦਾਰਾਂ ਨਾਲ ਮੋਢੇ ਨਾਲ ਮੋਢਾ ਜੋੜਕੇ ਲੜਾਈਆਂ ਲੜ ਰਹੇ ਸਨ ਅਤੇ ਚੰਗੇ ਸੰਬੰਧੀ ਵੀ ਸਨ। ਔਰਗਜ਼ੇਬ ਦੇ ਇਹ ਫ਼ਰਮਾਨ ਤਾਂ ਉਸ ਤੋਂ ਪਹਿਲਾਂ 1694 ਦੇ ਹਨ। ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ, 1699 ਦੀ ਖਾਲਸਾ ਸਾਜਨਾਂ ਤੋਂ ਪਹਿਲਾਂ ਬਹੁਤੇ ਸਿੱਖ ਸਰਦਾਰ ਅਤੇ ਯੋਧੇ ਕਸ਼ਤਰੀ/ਰਾਜਪੂਤ ਸਨ, ਜਿਨਾਂ ਤੋਂ ਪਹਾੜੀ ਰਾਜਪੂਤ ਰਾਜਿਆਂ ਨੂੰ ਕੋਈ ਇਤਰਾਜ਼ ਨਹੀਂ ਸੀ। ਪਰ ਇੰਨਾਂ ਪਹਾੜੀ ਰਾਜਿਆਂ ਨੂੰ ਇਹ ਨਹੀਂ ਸੀ ਪਤਾ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਰਦਾਰਾਂ ਦੀ ਯੋਜਨਾ ਬਹੁਤ ਲੰਬੀ ਹੈ। ਜਿਸ ਤਹਿਤ ਇਹ ਭਾਰਤ ਵਿੱਚੋਂ ਮੁਗਲ/ਮਲੇਛ ਦਾ ਰਾਜ ਜੜੋਂ ਪੁੱਟਣ ਦੀ ਵਿਉਂਤਬੰਦੀ ਕਰ ਰਹੇ ਸਨ। ਜਿਸ ਲਈ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਰਦਾਰਾਂ ਨੂੰ ਬਹੁਤ ਵੱਡੀ ਫੌਜ ਚਾਹੀਦੀ ਸੀ ਜਿਸ ਲਈ ਗ਼ੈਰ-ਯੋਧਾ ਪਿਛੋਕੜ ਦੇ ਲੋਕਾਂ ਦਾ ਸ਼ਸਤ੍ਰੀਕਰਨ ਬਹੁਤ ਜ਼ਰੂਰੀ ਸੀ, ਕਿਉਂਕਿ ਭਾਰਤ ਦੇ ਕਈ ਯੋਧਾ ਵਰਣ ਦੇ ਲੋਕ ਮੁਗਲਾਂ ਦੇ ਸੰਬੰਧੀ ਬਣ ਚੁੱਕੇ ਸਨ।

ਸੋ ਪਹਾੜੀ ਰਾਜਿਆਂ ਦੇ ਇਸ ਅਚਾਨਕ ਬਦਲੇ ਵਤੀਰੇ ਦਾ ਕਾਰਨ 1699 ਦੇ ਖਾਲਸਾ ਸਾਜਨਾ ਦਿਵਸ ਤੋਂ ਬਾਅਦ ਵਖਤੀ ਕਾਨੂੰਨਾਂ ਦੀ ਵੱਡੇ ਪੱਧਰ 'ਤੇ ਉਲੰਘਣਾ ਪ੍ਰਤੀਤ ਹੁੰਦੀ ਹੈ, ਜਿਸ ਤੋਂ ਬਾਅਦ ਅਣਗਿਣਤ ਹੀ ਗੈਰ-ਰਾਜਪੂਤ ਸਿੱਖਾਂ ਨੂੰ ਹਥਿਆਰ ਦੇ ਕੇ ਅਤੇ ਖੰਡੇ ਬਾਟੇ ਦੀ ਪਾਹੁਲ ਦੇ ਕੇ ਯੋਧਿਆਂ ਵਿੱਚ ਤਬਦੀਲ ਕੀਤਾ ਜਾ ਰਿਹਾ ਸੀ। ਸਿੱਖਾਂ ਦੇ ਇਸ ਸ਼ਸਤ੍ਰੀਕਰਣ ਵਿੱਚ ਸਰਦਾਰ ਬੱਜਰ ਸਿੰਘ ਜੀ ਰਾਠੌਰ ਨੇ ਬਹੁਤ ਅਹਿਮ ਭੂਮਿਕਾ ਨਿਭਾਈ ਹੈ, ਜੋ ਪਰੰਪਰਾਗਤ ਰਾਜਪੂਤ ਕਸ਼ਤਰੀ ਸ਼ਸਤ੍ਰਵਿਦਿਆ ਦੇ ਧਨੀ ਅਤੇ ਵੱਡੇ ਗਿਆਤਾ ਸਨ।

ਸੋ 1699 ਤੋਂ ਬਿਲਕੁਲ ਬਾਅਦ, 1700 ਵਿੱਚ ਹੀ ਇਨ੍ਹਾਂ ਪਹਾੜੀ ਰਾਜਿਆਂ ਨੇ ਆਨੰਦਪੁਰ ਅਤੇ ਆਸ-ਪਾਸ ਦੇ ਖ਼ਾਲਸਾਈ ਕਿਲ੍ਹਿਆਂ ਉੱਤੇ, ਤਕਰੀਬਨ 8 ਹਮਲੇ ਕੀਤੇ, ਜਿਨ੍ਹਾਂ ਦਾ ਜਵਾਬ ਸਿੱਖ ਸਰਦਾਰਾਂ ਨੇ ਵੀ ਡੱਟ ਕੇ ਦਿੱਤਾ।

❒

## ਅਧਿਆਇ 14

# ਆਨੰਦਪੁਰ ਵਿਖੇ ਲੋਹਗੜ੍ਹ ਕਿਲ੍ਹੇ ਦੀ ਲੜਾਈ

ਸੋ 30 ਅਗਸਤ 1700 ਤਕ ਰਾਜਾ ਅਜਮੇਰ ਚੰਦ ਸਾਥੀ ਪਹਾੜੀ ਰਾਜਿਆਂ ਨਾਲ ਮਿਲ ਕੇ ਵੀ ਅਗੰਮਗੜ੍ਹ ਦਾ ਕਿਲਾ ਨਾ ਤੋੜ ਸਕਿਆ ਅਤੇ ਉਸ ਨੇ ਅਗਲੇ ਦਿਨ 1 ਸਤੰਬਰ 1700 ਨੂੰ ਲੋਹਗੜ੍ਹ ਦੇ ਕਿਲ੍ਹੇ ਉੱਤੇ ਹਮਲਾ ਕਰਨ ਦੀ ਵਿਉਂਤ ਬਣਾਈ ਜੋ ਗੁਰੂ ਗੋਬਿੰਦ ਸਿੰਘ ਜੀ, ਦੀਵਾਨ ਮਨੀ ਸਿੰਘ ਜੀ, ਕੰਵਰ ਉਦੈ ਸਿੰਘ ਜੀ (ਜੋ ਪਹਿਲਾਂ ਵੀ 29 ਅਗਸਤ, 1700 ਨੂੰ ਤਾਰਾਗੜ੍ਹ ਵਿਖੇ ਰਾਜਾ ਅਜਮੇਰ ਚੰਦ ਦੇ ਰਿਸ਼ਤੇਦਾਰ ਪਹਾੜੀ ਸਰਦਾਰ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਚੁੱਕੇ ਸਨ),ਕੰਵਰ ਬਚਿੱਤਰ ਸਿੰਘ ਜੀ, ਕੰਵਰ ਆਲਮ ਸਿੰਘ ਜੀ ਚੌਹਾਨ ਵਰਗੇ ਆਦਿ ਸਿਰਮੌਰ ਸਿੱਖ ਸਰਦਾਰਾਂ ਦੀ ਕਮਾਨ ਹੇਠ ਸੀ। ਇਹ ਸਾਰੇ ਉੱਚ ਦਰਜੇ ਦੇ ਸਰਦਾਰਾਂ ਦਾ ਇੱਕ ਕਿਲ੍ਹੇ ਦੀ ਕਮਾਨ ਸੰਭਾਲਣ ਦਾ ਕਾਰਨ ਇਹ ਸੀ ਕਿ ਵਾਰ-ਵਾਰ ਹਮਲੇ ਕਰ ਰਹੇ ਰਾਜਾ ਅਜਮੇਰ ਚੰਦ ਅਤੇ ਉਸ ਦੇ ਸਾਥੀ ਪਹਾੜੀ ਰਾਜਿਆਂ ਨੂੰ ਇੱਕੋ ਵਾਰ ਸਖ਼ਤ ਜਵਾਬ ਦਿੱਤਾ ਜਾਵੇ। ਲੋਹਗੜ੍ਹ ਉੱਤੇ ਹਮਲਾ ਕਰਨ ਲਈ ਰਾਜਾ ਅਜਮੇਰ ਚੰਦ, ਉਸ ਦੇ ਮਾਮਾ ਰਾਜਾ ਕੇਸਰੀ ਚੰਦ ਜਸਵਾਰ ਅਤੇ ਬਾਕੀ ਪਹਾੜੀ ਸਰਦਾਰ ਆਪਣੀਆਂ ਫੌਜਾਂ ਲੈ ਕੇ ਤਿਆਰ ਹੋ ਗਏ। ਖਾਲਸਾਈ ਫੌਜਾਂ ਨੂੰ ਨੁਕਸਾਨ ਪਹੁੰਚਾਉਣ ਲਈ ਰਾਜਾ ਅਜਮੇਰ ਚੰਦ ਨੇ ਹਾਥੀ ਨੂੰ ਸ਼ਰਾਬ ਪਿਲਾ ਕੇ ਅਤੇ ਤਿੱਖੇ ਹਥਿਆਰ ਬੰਨ੍ਹ ਕੇ ਲੋਹਗੜ੍ਹ ਕਿਲ੍ਹੇ ਵੱਲ ਭੇਜ ਦਿੱਤਾ। ਸ਼ਰਾਬੀ ਹਾਥੀ ਦਵਾਰਾ ਨੁਕਸਾਨ ਦਾ ਅਨੁਮਾਨ ਲਗਾ ਕੇ ਇਸ ਨੂੰ ਰੋਕਣ ਦਾ ਫੈਸਲਾ ਕੀਤਾ ਗਿਆ ਅਤੇ ਕੰਵਰ ਬਚਿੱਤਰ ਸਿੰਘ ਜੀ ਨੂੰ ਇਸ ਦੇ ਰੋਕਣ ਵਾਸਤੇ ਤਿਆਰ ਕਰਕੇ ਭੇਜਿਆ ਗਿਆ ਹੈ। ਇਸ ਦਾ ਜ਼ਿਕਰ ਸ਼੍ਰੀ ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਦੁਆਰਾ ਇਸ ਤਰ੍ਹਾਂ ਮਿਲਦਾ ਹੈ—

**ਤਿਨਹੁੰ ਮਝਾਰ ਏਕ ਹੈ, ਬਚਿੱਤ੍ਰ ਸਿੰਘ ਸੂਰਮਾ**
**ਬਲੀ ਬਿਲੰਦ ਬਾਹੁ ਦੰਡ, ਸ਼ੱਤ੍ਰ ਤੇ ਗਰੂਰਮਾ।**
**ਸੁ ਰਾਜਪੂਤ ਜਾਤਿ ਤੇ, ਮੁਛੈਲ ਛੈਲ ਜਾਨਿਯੇ।**
**ਕ੍ਰਿਪਾਨ ਢਾਲ ਅੰਗ ਸੰਗ, ਜੰਗ ਮੈਂ ਮਹਾਂਨਿਯੇ॥ 4॥**

(ਕਵੀ ਚੂੜਾਮਣੀ ਭਾਈ ਸੰਤੋਖ ਸਿੰਘ, ਸ਼੍ਰੀ ਸੂਰਜ ਪ੍ਰਕਾਸ਼ ਗ੍ਰੰਥ, 1800–1850)

ਇਸ 17ਵੀਂ ਸਦੀ ਦੇ ਪਾਠ ਵਿੱਚ, ਦੀਵਾਨ ਮਨੀ ਸਿੰਘ ਜੀ ਦੇ ਸਪੁੱਤਰ ਕੰਵਰ ਬਚਿੱਤਰ ਸਿੰਘ ਜੀ, ਅਲੀਪੁਰ ਰਿਆਸਤ ਦੇ ਬਹਾਦਰ ਰਾਜਪੂਤ ਵਜੋਂ ਇਸ ਤਰ੍ਹਾਂ ਮਿਲਦਾ ਹੈ—

**ਚੌਕੀ ਖਾਸ ਪਲੰਘ ਕੀ ਰਹਤੇ ਕਿਤਕ ਬਰ ਬੀਰ।**

**ਤਿਨ ਮੇਂ ਏਕ ਬਚਿੱਤ੍ਰ ਸਿੰਘ ਰਾਜਪੂਤ ਰਣਧੀਰ। 170।**

**(ਗੁਰਬਿਲਾਸ ਪਾ: 10 ਅਧਿਆਇ 15, 1750)**

ਕੰਵਰ ਬਚਿੱਤਰ ਸਿੰਘ ਜੀ, ਆਪਣੇ ਘੋੜੇ ਤੇ ਸਵਾਰ ਹੋਕੇ ਬਹੁਤ ਤੇਜ਼ੀ ਨਾਲ ਸ਼ਰਾਬੀ ਹਾਥੀ ਵੱਲ ਵਧੇ। ਉਨ੍ਹਾਂ ਨੇ ਹਾਥੀ ਉੱਤੇ ਘੋੜੇ ਦੀਆਂ ਟਾਪਾਂ ਟਿਕਾ ਕੇ ਆਪਣੀ ਨਾਗਣੀ ਬਰਛੇ ਨਾਲ ਹਾਥੀ ਦੇ ਸਿਰ ਤੇ ਜ਼ੋਰਦਾਰ ਵਾਰ ਕੀਤਾ, ਜੋ ਹਾਥੀ ਉੱਤੇ ਲੱਗੀਆਂ ਲੋਹੇ ਦੀਆਂ ਤਵੀਆਂ ਚੀਰ ਕੇ ਹਾਥੀ ਦੇ ਸਿਰ ਵਿੱਚ ਜਾ ਵੱਜੀ। ਦਰਦ ਨਾਲ ਚਿੰਗਾੜਦਾ ਹਾਥੀ ਲੋਹਗੜ੍ਹ ਕਿਲ੍ਹੇ ਤੋਂ ਉਲਟ ਪਹਾੜੀਆਂ ਦੀਆਂ ਫ਼ੌਜਾਂ ਵੱਲ ਭੱਜਿਆ ਅਤੇ ਉਨ੍ਹਾਂ ਦਾ ਬਹੁਤ ਨੁਕਸਾਨ ਕੀਤਾ।

ਇਸ ਘਣੇ ਰਣ ਵਿੱਚ ਅਲੀਪੁਰ ਰਿਆਸਤ ਦੇ ਕੰਵਰ ਉਦੇ ਸਿੰਘ ਆਪਣੀ ਫੌਜ ਨਾਲ ਰਾਜਾ ਅਜਮੇਰ ਚੰਦ ਦੇ ਮਾਮਾ ਰਾਜਾ ਕੇਸਰੀ ਚੰਦ ਜਸਵਾਰ ਦੀ ਫੌਜੀ ਟੁਕੜੀ ਵੱਲ ਤੇਜ਼ੀ ਨਾਲ ਵਧਣ ਲੱਗੇ ਅਤੇ ਰਾਜਾ ਕੇਸਰੀ ਚੰਦ ਦੇ ਸਾਰੇ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਰਾਜਾ ਕੇਸਰੀ ਚੰਦ ਜਸਵਾਰ ਦੇ ਨਿਕਟ ਪਹੁੰਚ ਗਏ ਅਤੇ ਇੱਕ ਝਟਕੇ ਵਿੱਚ ਰਾਜਾ ਕੇਸਰੀ ਚੰਦ ਜਸਵਾਰ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। ਰਾਜਾ ਕੇਸਰੀ ਚੰਦ ਜਸਵਾਰ ਦੇ ਮਾਰੇ ਜਾਣ ਤੋਂ ਬਾਅਦ ਰਾਜਾ ਅਜਮੇਰ ਚੰਦ ਆਪ ਅਤੇ ਉਸਦੇ ਬਾਕੀ ਪਹਾੜੀ ਸਰਦਾਰ ਬੁਰੀ ਤਰ੍ਹਾਂ ਘਬਰਾ ਗਏ ਅਤੇ ਪੁੱਠੇ ਪੈਰੀਂ ਬਿਲਾਸਪੁਰ ਵਾਪਿਸ ਨੱਸ ਆਏ।

ਪਰ ਇਸ ਘੋਰ ਯੁੱਧ ਵਿੱਚ ਦੀਵਾਨ ਮਨੀ ਸਿੰਘ ਜੀ ਜ਼ਖ਼ਮੀ ਹੋ ਗਏ ਅਤੇ ਅਲੀਪੁਰ ਰਿਆਸਤ ਦੇ ਦੋ ਕੁੰਵਰ, ਕੁੰਵਰ ਆਲਿਮ ਸਿੰਘ ਜੀ ਅਤੇ ਕੰਵਰ ਸੁੱਖਾ ਸਿੰਘ ਜੀ ਸ਼ਹੀਦ ਹੋ ਗਏ।

ਇਸ ਜੰਗ ਦਾ ਇੰਦਰਾਜ਼ ਸਮਕਾਲੀ ਖਿਆਤਾਂ ਵਿੱਚ ਰਾਏ ਭੱਟਾਂ ਦੀਆਂ ਲਿਖਤਾਂ ਵਿੱਚ ਇਸ ਤਰ੍ਹਾਂ ਮਿਲਦਾ ਹੈ—

ਗੁਰੂ ਕਾ ਬਚਨ ਪਾਇ ਮਨੀ ਸਿੰਘ, ਬੇਟਾ ਮਾਈਦਾਸ ਕਾ, ਪੋਤਾ ਬੱਲੂ ਰਾਉ ਕਾ, ਪੜਪੋਤਾ ਮੂਲਚੰਦ ਕਾ, ਪੰਵਾਰ ਜਲ੍ਹਾਨਾ, ਬਚਿੱਤਰ ਸਿੰਘ ਬੇਟਾ ਮਨੀ ਸਿੰਘ ਕਾ, ਉਦੈ ਸਿੰਘ ਬੇਟਾ ਮਨੀ ਸਿੰਘ ਕਾ, ਆਲਿਮ ਸਿੰਘ, ਬੇਟਾ ਦੂਰਗਾਦਾਸ ਕਾ, ਪੋਤਾ ਪਦਮਰਾਇ

ਕਾ, ਚੌਹਾਨ ਆਂਬਿਆਨਾ, ਸਾਲ ਸਤਰਾਂ ਸੈ ਸਤਵੰਜਾ ਅਸੁਜ ਪ੍ਰਵਿਸ਼ਟੇ ਪਹਿਲੀ ਰਵੀਵਾਰ ਕੇ ਦਿਹੰ, ਕਿਲ੍ਹਾ ਲੋਹਗੜ੍ਹ, ਪਰਗਨਾ ਮਾਖੋਵਾਲ ਸੇ, ਖਾਲਸਾ ਦਲ ਕੋ ਗੈਲ ਲੈ, ਚਰਨਗੰਗਾ ਨਦੀ ਕੇ ਮਲ੍ਹਾਨ ਸਾਮ੍ਹੇ ਮਾਥੇ ਘੋਰ ਜੁੱਧ ਕੀਆ। ਬਚਿੱਤਰ ਸਿੰਘ ਨੇ ਹਾਥੀ ਕੋ ਮਾਰ ਭਗਾਇਆ। ਉਦੈ ਸਿੰਘ ਕੇ ਹਾਥ ਸੇ ਕੇਸਰੀ ਚੰਦ ਜਸਵਾਰੀਆ ਮਾਰਿਆ ਗਿਆ। ਮਨੀ ਸਿੰਘ ਸਖ਼ਤ ਘਾਇਲ ਹੁਏ। (ਭੱਟ ਖਿਆਤਾਂ)

ਦੀਵਾਨ ਮਨੀ ਸਿੰਘ ਜੀ, ਖਾਲਸਾ ਫ਼ੌਜਾਂ ਦੀ ਅਗਵਾਈ ਲਈ ਲੋਹਗੜ੍ਹ ਕਿਲ੍ਹੇ ਤੇ ਠਹਿਰਿਆ ਕਰਦੇ ਸਨ। ਇਹ ਉਪਰੋਕਤ ਜ਼ਿਕਰ ਕੀਤੇ ਹਵਾਲਿਆਂ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ। ਮਨੀ ਸਿੰਘ ਜੀ ਲੋਹਗੜ੍ਹ ਕਿਲ੍ਹੇ ਦੀ ਕਮਾਨ ਸੰਭਾਲਿਆ ਕਰਦੇ ਸਨ, ਇਸ ਦਾ ਹੇਠਾਂ ਇੰਦਰਾਜ ਵਿੱਚ ਜ਼ਿਕਰ ਵੀ ਮਿਲਦਾ ਹੈ—

**ਲੋਹ ਗੜ੍ਹੇ ਬਰ ਬੀਰ ਮਨੀ ਸਿੰਘ ਮੱਦੂਜ ਦੇ ਭੱਟ ਤੀਰ ਬੁਲਾਯੋ।**
**ਢਾਲ ਕ੍ਰਿਪਾਨ ਬੰਦੂਕ ਕਮਾਨ, ਦਏ ਸੋਭ ਆਯੁਧ ਮਾਨ ਬਢਾਯੋ॥ 56॥**

**(ਵੀਰ ਸਿੰਘ ਬਲ ਕ੍ਰਿਤ ਸਿੰਘ ਸਾਗਰ, ਅਧਿਆਇ 11)**

❐

## ਅਧਿਆਇ 15

# ਭਾਈ ਮਨੀ ਸਿੰਘ ਜੀ
# ਦੀ ਕਮਾਨ ਹੇਠ ਅੰਮ੍ਰਿਤਸਰ ਸਾਹਿਬ ਮੁੜ ਫ਼ਤਹਿ

1635 ਵਿੱਚ ਗੁਰੂ ਹਰਿਗੋਬਿੰਦ ਜੀ, ਛੇਵੇਂ ਸਿੱਖ ਗੁਰੂ ਜੀ ਨੂੰ ਗੁਰੂ ਕਾ ਚੱਕ (ਅੰਮ੍ਰਿਤਸਰ) ਛੱਡ ਕੇ ਕੀਰਤਪੁਰ ਵਿੱਚ ਰਹਿਣਾ ਪਿਆ ਸੀ। 1635 ਤੋਂ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਮੀਣਿਆਂ ਦੇ ਅਧੀਨ ਸਨ ਅਤੇ ਇੱਥੇ ਕਿਸੇ ਵੀ ਸਿੱਖ ਨੂੰ ਜਾਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਸੀ। 1635 ਤੋਂ 1700-1705 ਤੱਕ, ਅੰਮ੍ਰਿਤਸਰ 65-70 ਸਾਲਾਂ ਤੱਕ ਮੀਣਿਆਂ ਦੇ ਨਿਯੰਤਰਣ ਵਿੱਚ ਰਿਹਾ।

ਗੁਰੂ ਗੋਬਿੰਦ ਸਿੰਘ ਜੀ ਨੇ ਦੀਵਾਨ ਮਨੀ ਸਿੰਘ ਜੀ ਅਤੇ ਉਹਨਾਂ ਦੀ ਫ਼ੌਜ ਨੂੰ ਸ੍ਰੀ ਦਰਬਾਰ ਸਾਹਿਬ ਤੇ ਕਬਜ਼ਾ ਵਾਪਸ ਲੈਣ ਲਈ ਭੇਜਿਆ।

**ਲੈ ਕੇ ਸੰਗਤ ਨੂੰ ਨਾਲ, ਮਨੀ ਸਿੰਘ ਤਤਕਾਲ,**
**ਪਹੁੰਚਾ ਸੁਧਾ ਸਰ ਤਾਲ, ਆਇ ਦਰਸ਼ਨ ਪਾਂਵਦਾ,**
**ਜੇਠ ਸੁਦੀ ਚੌਥ ਖਾਸ, ਕੀਆ ਗ੍ਰੰਥ ਪ੍ਰਕਾਸ਼,**
**ਪਹਿਲੇ ਕਰ ਅਰਦਾਸ, ਝੰਡਾ ਸਾਹਿਬ ਨੂੰ ਝੁਲਾਂਵਦਾ,**
**ਸਿੰਘ ਸੁਣ ਸੁਣ ਆਉਣ, ਆ ਕੇ ਦਰਸਣ ਪਾਉਣ,**
**ਫਤੇ ਗੁਰੂ ਕੀ ਬੁਲਾਉਣ, ਗੈਲ ਸਬ ਕੂੰ ਬਹਾਂਵਦਾ,**
**ਦਿੱਤੀ ਬਦਲ ਸੀ ਰੀਤ, ਮੀਣੇ ਭਏ ਭੈ ਭੀਤ,**
**ਭਈ ਖ਼ਾਲਸੇ ਕੀ ਜੀਤ, ਭੱਟ ਦੇਗ ਵਰਤਾਂਵਦਾ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਇਸ ਤਰ੍ਹਾਂ ਅਲੀਪੁਰ ਰਿਆਸਤ ਦੇ ਦੀਵਾਨ ਮਨੀ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਨੂੰ ਮੁੜ ਪ੍ਰਾਪਤ ਕਰ ਲਿਆ ਅਤੇ ਮੀਣੇ ਡਰਦੇ ਨੱਸ ਗਏ। ਸ੍ਰੀ ਆਦਿ ਗ੍ਰੰਥ ਜੀ ਦਾ ਪ੍ਰਕਾਸ਼ ਦਰਬਾਰ ਸਾਹਿਬ ਵਿੱਚ ਕੀਤਾ ਗਿਆ ਅਤੇ ਪਾਠ ਆਰੰਭ ਹੋ ਗਏ। ਨਾਲ ਹੀ ਦੀਵਾਨ ਮਨੀ ਸਿੰਘ ਜੀ ਨੇ ਦਰਬਾਰ ਸਾਹਿਬ ਵਿੱਚ ਖ਼ਾਲਸੇ ਦਾ ਨਿਸ਼ਾਨ

ਸਾਹਿਬ ਭੁਲਾਇਆ। ਖਿੱਤੇ ਦੇ ਹਰ ਕੋਨੇ ਤੋਂ ਸਿੰਘ ਆਪਣੇ ਲੰਬੇ ਸਮੇਂ ਤੋਂ ਗੁੰਮ ਹੋ ਗਏ ਧਾਰਮਿਕ ਕੇਂਦਰ ਵਿਖੇ ਆਉਣੇ ਸ਼ੁਰੂ ਹੋ ਗਏ। ਮੀਣੇ ਡਰਦੇ ਮਾਰੇ ਅੰਮ੍ਰਿਤਸਰ ਛੱਡ ਗਏ। ਖ਼ਾਲਸੇ ਨੇ ਸ੍ਰੀ ਦਰਬਾਰ ਸਾਹਿਬ ਦਾ ਕਬਜ਼ਾ ਲੈ ਲਿਆ ਜੋ 1849 ਤੱਕ ਖ਼ਾਲਸੇ ਦੇ ਕਬਜ਼ੇ ਵਿੱਚ ਰਿਹਾ। ਰਾਜਪੂਤ ਸਿੱਖਾਂ ਦੇ ਰਾਏ ਭੱਟ ਸ੍ਰੀ ਦਰਬਾਰ ਸਾਹਿਬ ਵਿੱਚ ਦੇਗ (ਗੁਰੂ ਦੀ ਕੜਾਹੀ) ਦੀ ਸੇਵਾ ਕਰਦੇ ਸਨ।*

**ਨਿਤਪ੍ਰਤਿ ਕਥਾ ਹੋਵੇ, ਗ੍ਰੰਥ ਮਹਾਰਾਜ ਜੂ ਕੀ,**
**ਬੁੰਗੇ ਹੈ ਅਕਾਲ ਨਿਤ, ਲਗਦਾ ਦੀਵਾਨ ਜੀ,**
**ਰਹਿਤ ਦਸਮੇਸ਼ ਜੀ ਦੀ, ਦੱਸੇ ਨਿਤ ਸੰਗਤਾਂ ਕੂੰ,**
**ਖਰੇ ਖੋਟੇ ਵਾਲੀ ਨਿਤ, ਹੋਂਵਦੀ ਪਛਾਨ ਜੀ,**
**ਖੰਡੇ ਦੀ ਪਹੁਲ ਦੇਵੇ, ਆਪਭਿਲਾਖੀਆਂ ਕੋ,**
**ਨਿਤ ਨਵੇਂ ਸਿੰਘ ਸਜ, ਪਿੰਡਾਂ ਵਿੱਚ ਜਾਨ ਜੀ,**
**ਸੇਵਾ ਹਰੀ ਇਵੇਂ ਕਿਵੇਂ, ਬੀਤ ਗਏ ਬਰਖ ਕਈ,**
**ਸੁਧਾ ਸਰ ਵਿਖੇ ਮਨੀ ਸਿੰਘ ਕੋ ਪਛਾਨ ਜੀ**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਸ੍ਰੀ ਦਰਬਾਰ ਸਾਹਿਬ ਵਿਖੇ ਗੁਰਬਾਣੀ ਸੰਬੰਧੀ ਰੋਜ਼ਾਨਾ ਕਥਾ ਦੀ ਸ਼ੁਰੂਆਤ ਕੀਤੀ ਗਈ ਅਤੇ ਅਕਾਲ ਬੁੰਗਾ ਵਿਖੇ ਮਨੀ ਸਿੰਘ ਜੀ ਦੀ ਕਮਾਨ ਹੇਠ ਰੋਜ਼ਾਨਾ ਆਤਮਿਕ ਦੀਵਾਨ ਸਜਾਏ ਜਾਂਦੇ ਸਨ। ਮਨੀ ਸਿੰਘ ਜੀ ਨੇ ਦਸਵੇਂ ਪਾਤਸ਼ਾਹ ਦੁਆਰਾ ਤਿਆਰ ਕੀਤੀ ਰਹਿਤ ਮਰਯਾਦਾ ਨੂੰ ਉੱਥੋਂ ਦੇ ਸਿੱਖਾਂ ਨੂੰ ਦੱਸਿਆ ਅਤੇ ਪਿੰਡਾਂ ਦੇ ਬਹੁਤ ਸਾਰੇ ਸਿੱਖ ਸਿੰਘ ਬਣ ਗਏ ਅਤੇ ਦਲ ਖ਼ਾਲਸਾ ਦਾ ਹਿੱਸਾ ਬਣ ਗਏ। ਇਹ ਅਲੀਪੁਰ ਰਿਆਸਤ ਦੇ ਦੀਵਾਨ ਮਨੀ ਸਿੰਘ ਜੀ ਦੀ ਨਿਗਰਾਨੀ ਹੇਠ ਕਈ ਸਾਲਾਂ ਤੱਕ ਜਾਰੀ ਰਿਹਾ।

ਮਨੀ ਸਿੰਘ ਜੀ ਅੰਮ੍ਰਿਤਸਰ ਵਿਖੇ ਹੀ ਰਹਿੰਦੇ ਸਨ ਅਤੇ ਗੁਰੂ ਗੋਬਿੰਦ ਸਿੰਘ ਜੀ ਅਤੇ ਦੀਵਾਨ ਮਨੀ ਸਿੰਘ ਜੀ ਦੇ ਕੁੰਵਰ ਜੋ ਅਨੰਦਪੁਰ ਦੇ ਕਿਲ੍ਹਿਆਂ ਤੇ ਫ਼ੌਜਾਂ ਦੀ ਅਗਵਾਈ ਕਰ ਰਹੇ ਸਨ ਨੂੰ ਮਿਲਣ ਲਈ ਦੀਵਾਨ ਮਨੀ ਸਿੰਘ ਅਕਸਰ ਅਨੰਦਪੁਰ ਆਉਂਦੇ ਰਹਿੰਦੇ ਸਨ। ਕੁਝ ਸਾਲਾਂ ਬਾਅਦ ਵਜ਼ੀਰ ਖ਼ਾਨ ਨੇ ਅਨੰਦਪੁਰ ਦੇ ਕਿਲ੍ਹਿਆ ਉੱਤੇ ਹਮਲਾ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਰਦਾਰਾਂ ਨੂੰ ਪੰਜਾਬ ਦੇ ਜੰਗਲਾਂ ਵਿੱਚ ਟਿਕਾਣਾ

*ਇਹ ਵੀ ਜ਼ਿਕਰਯੋਗ ਹੈ ਕਿ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਵਿਖੇ ਅੱਜਤਕ ਵੀ, ਰੋਜ਼ਾਨਾ ਰਾਜਪੂਤ ਸਿੱਖਾਂ ਦੇ ਰਾਏ ਭੱਟਾਂ ਦੇ ਦੁਆਰਾ ਗੁਰੂਆਂ ਦੀ ਉਪਮਾ ਵਿੱਚ ਰਚੇ ਗਏ ਸਵੱਯਾਂ ਤੋਂ ਬਾਅਦ ਹੀ ਦਿਨ ਦੇ ਬਾਕੀ ਕਾਰਜਾਂ ਦੀ ਸ਼ੁਰੂਆਤ ਕੀਤੀ ਜਾਂਦੀ ਹੈ।


ਕਰਨਾ ਪਿਆ। ਦੀਵਾਨ ਮਨੀ ਸਿੰਘ ਜੀ ਨੂੰ ਇਸ ਮੰਦਭਾਗੀ ਘਟਨਾ ਬਾਰੇ ਪਤਾ ਲੱਗ ਗਿਆ ਪਰ ਉਹ ਮਦਦ ਨਹੀਂ ਕਰ ਸਕੇ ਕਿਉਂਕਿ ਉਹ ਅੰਮ੍ਰਿਤਸਰ ਨੂੰ ਕਾਬੂ ਕਰਨ ਵਿੱਚ ਰੁੱਝੇ ਹੋਏ ਸਨ ਜੋ ਕਿ ਬਹੁਤ ਇੰਤਜ਼ਾਰ ਅਤੇ ਜੱਦੋਜਹਿਦ ਤੋਂ ਬਾਅਦ ਵਾਪਸ ਪ੍ਰਾਪਤ ਹੋਇਆ ਸੀ।

ਮੌਕਾ ਦੇਖਕੇ ਦੀਵਾਨ ਮਨੀ ਸਿੰਘ ਜੀ ਤਲਵੰਡੀ ਸਾਬੋ ਵਿਖੇ ਮਾਲਵਾ ਦੇ ਜੰਗਲਾਤ ਖੇਤਰਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਲਈ ਗਏ ਅਤੇ ਰਾਜਸਥਾਨ ਵਿੱਚ ਬਾਘੌਰ ਤੱਕ ਯਾਤਰਾ ਕੀਤੀ। ਬਾਘੌਰ ਤੋਂ ਮਨੀ ਸਿੰਘ ਜੀ ਵਾਪਸ ਅੰਮ੍ਰਿਤਸਰ ਸਾਹਿਬ ਆ ਗਏ। ਇਸ ਮਹਾਂਕਾਵਿ ਵਿੱਚ ਇਸ ਦਾ ਸੰਕੇਤ ਵੀ ਇਸ ਤਰ੍ਹਾਂ ਹੈ—

**ਸਾਬੋ ਕੀ ਤਲਵੰਡੀ ਮਾਹੀ, ਦੇਸ ਮਾਲਵੇ ਪਹੁੰਚ ਜਾਈ,**
**ਮਨੀ ਸਿੰਘ ਲੈ ਸੰਗਤ ਸਾਥ, ਪਹੁੰਚ ਗੁਰੂ ਢਿਗ ਟੇਕਯੋ ਮਾਥ,**
**ਸੇਵਾ ਹਰੀ ਗੁਰ ਥੀਂ ਬਲਿਹਾਰੈ, ਧਰਮ ਹੇਤ ਜਹਿ ਵਾਰੇ ਚਾਰੇ,**
**ਦਿਸਾ ਦਖਣ ਜਬ ਸਤਿਗੁਰੂ, ਕੀਆ ਪਿਆਨਾ ਆਹਿ,**
**ਗਏ ਮਨੀ ਸਿੰਘ ਗੈਲ ਤਬ, ਸੁਨੋ ਕਥਾ ਅਬ ਤਾਹਿ,**
**ਸ਼ਹਿਰ ਸੁਨਾ ਬਘੌਰ ਇੱਕ, ਜਹਿ ਪਹੁੰਚੇ ਗੁਰ ਨਾਥ,**
**ਲਰਿਆ ਤਹਿ ਇੱਕ ਭੂਮੀਆ, ਸ੍ਰੀ ਖ਼ਾਲਸੇ ਸਾਥ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਹੁਕਮਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਮਨੀ ਸਿੰਘ ਜੀ ਅਤੇ ਉਨ੍ਹਾਂ ਦੇ ਪੁੱਤਰਾਂ ਦੇ ਨਾਮ ਤੇ ਜਾਰੀ ਕੀਤਾ ਗਿਆ।*



*ਇਹ ਪੁਰਾਤਨ ਹੁਕਮਨਾਮਾ ਅੱਜ ਤੱਕ ਅਲੀਪੁਰ ਰਿਆਸਤ ਦੇ ਦੀਵਾਨ ਮਨੀ ਸਿੰਘ ਜੀ ਦੇ ਵੰਸ਼ਜ ਸਿੱਖ ਰਾਜਪੂਤਾਂ ਕੋਲ ਸੁਰੱਖਿਅਤ ਪਿਆ ਹੈ।

## ੧ੳ ਸਤਿਗੁਰ ਪ੍ਰਸਾਦਿ॥

ਸ੍ਰੀ ਸਤਿਗੁਰੂ ਜੀ ਕੀ ਆਗਿਆ॥ ਭਾਈ ਬਚਿਤ੍ਰ ਸਿੰਘ ਜੀ॥ ਭਾਈ ਉਦੇ ਸਿੰਘ ਜੀ॥ ਭਾਈ ਅਨਿਕ ਸਿੰਘ ਜੀ॥ ਭਾਈ ਅਜਬ ਸਿੰਘ ਜੀ॥ ਭਾਈ ਅਜਾਇਬ ਸਿੰਘ ਜੀ॥ ਇਹ ਇੱਕ ਮਾਈ ਦਾਸੁ ਵੋਇ ਮਨੀ ਸਿੰਘ ਜੀ ਵਾਹਗੁਰੂ ਸਰਮ ਰਖੇਗਾ॥ ਤੁਸੀ ਮੇਰੇ ਪੁਤ੍ਰ ਫਰਜੰਦਹ ਖਾਨਜਾਦਾ* ਹੋ॥ ਤੁਸਾਂ ਉਪਰ ਮੇਰੀ ਖੁਸ਼ੀ ਹੈ॥ ਸਭ ਵਰਤਾਰੇ ਕੇ ਤੁਸੀ ਮਹਿਰਮ ਹੋ॥ ਹੋਰ ਕੌਡੀ ਦਮੜੀ ਪੈਸਾ ਧੇਲਾ ਰੁਪੈਆ ਰਛਿਆਂ॥ ਜੋ ਅਸਾਨੂੰ ਦੇਹਿਗਾ॥ ਇਹ ਮੇਰੇ ਪੁਤ੍ਰ ਫਰਜੰਦ ਹੈਨਿ॥ ਸਿਖਾ ਪੁਤਾ ਦਾ ਵਾਦਾ ਵ ਲਾ ਹੈ॥ ਜੇ ਲੋਚ ਕੇ ਸੇਵਾ ਕਰੋਗੇ ਤੁਸਾਡੀ ਸੇਵਾ ਦਰਗਾਹਿ ਥਾਇ ਪਵੇਗੀ॥ ਤੁਸਾ ਉਪਰ ਵਾਹਿਗੁਰੂ ਰਛਿਆ ਕਰੇਗਾ॥

(ਸੰਵਤ 1760 ਮਿਤੀ ਕਤਕ 1)

❒

---

* 'ਖਾਨਜਾਦਾ' ਸ਼ਬਦ ਮੁਗ਼ਲ ਬਾਦਸ਼ਾਹਾਂ ਦੁਆਰਾ ਰਾਜਪੂਤ ਰਾਜਿਆਂ ਅਤੇ ਰਾਜਕੁਮਾਰਾਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਸੀ, ਜੋ ਮੁਗ਼ਲ ਬਾਦਸ਼ਾਹ ਦੇ ਵਫ਼ਾਦਾਰ ਹੋਣ ਕਰਕੇ ਮੁਸਲਮਾਨ ਰਾਜਪੂਤ ਬਣ ਗਏ ਸਨ, ਅਤੇ ਮੁਗ਼ਲ ਬਾਦਸ਼ਾਹ ਉਨ੍ਹਾਂ ਨੂੰ ਆਪਣੇ ਪੁੱਤਰ ਫਰਜੰਦ ਮੰਨਦੇ ਸਨ। ਸਿੱਖ ਗੁਰੂ ਸਾਹਿਬਾਨਾਂ ਨੂੰ ਵੀ ਸਿੱਖ 'ਸੱਚਾ ਬਾਦਸ਼ਾਹ' ਕਿਹਾ ਕਰਦੇ ਸਨ ਅਤੇ ਇਸ ਲਈ ਗੁਰੂ ਜੀ ਨੇ ਵੀ ਆਪਣੇ ਸਭ ਤੋਂ ਨਿਕਟਵਰਤੀ, ਸਿੱਖ ਹੋ ਚੁੱਕੇ ਰਾਜਪੂਤ ਰਾਜਕੁਮਾਰਾਂ ਨੂੰ ਹੁਕਮਨਾਮੇ ਵਿੱਚ 'ਖਾਨਜਾਦਾ' ਕਹਿ ਕੇ ਸੰਬੋਧਤ ਕੀਤਾ ਹੈ। ਮੁਸਲਮਾਨ ਹੋਏ ਰਾਜਪੂਤ ਰਾਜੇ ਤਿੰਨ ਭਾਗਾਂ ਵਿੱਚ ਵੰਡੇ ਹੋਏ ਹਨ, ਭੱਟੀ ਖਾਨਜਾਦਾ ਰਾਜਪੂਤ, ਮੇਵਾਤੀ ਖਾਨਜਾਦਾ ਰਾਜਪੂਤ ਅਤੇ ਅਲਵਰੀ ਖਾਨਜਾਦਾ ਰਾਜਪੂਤ।

### ਅਧਿਆਇ 16

# ਮੀਣਿਆਂ ਨਾਲ ਅੰਮ੍ਰਿਤਸਰ ਵਿਖੇ ਲੜਾਈ

ਮਨੀ ਸਿੰਘ ਜੀ ਦੇ ਅੰਮ੍ਰਿਤਸਰ ਸਾਹਿਬ ਵਾਪਸ ਆਉਣ ਤੋਂ ਬਾਅਦ, ਅੰਮ੍ਰਿਤਸਰ ਦੇ ਮੀਣਿਆਂ ਅਤੇ ਖ਼ਾਲਸੇ ਦੇ ਕੁਝ ਸਿੰਘਾਂ ਵਿੱਚਕਾਰ ਇੱਕ ਲੜਾਈ ਹੋਈ। ਇਸ ਝੜਪ ਦਾ ਪਿਛੋਕੜ ਇਹ ਸੀ ਕਿ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਲਈ ਬਾਲਣ ਖਰੀਦਣ ਲਈ ਮੀਣੇ ਚੂਹੜਮਲ ਦੀ ਦੁਕਾਨ 'ਤੇ ਗਏ ਹੋਏ ਸਨ। ਸਿੰਘ ਇਸ ਤੱਥ ਤੋਂ ਅਣਜਾਣ ਸਨ ਕਿ ਦੁਕਾਨ ਦਾ ਮਾਲਕ ਮੀਣਿਆਂ ਦਾ ਮਸੰਦ ਸੀ ਜਿਸਨੂੰ ਕੁਝ ਸਾਲ ਪਹਿਲਾਂ ਦੀਵਾਨ ਮਨੀ ਸਿੰਘ ਜੀ ਦੀ ਅਗਵਾਈ ਵਿੱਚ ਖ਼ਾਲਸੇ ਨੇ ਬੇਦਖਲ ਕਰ ਦਿੱਤਾ ਸੀ।

ਮੀਣੇ ਮਸੰਦ ਚੂਹੜਮਲ ਦੇ ਪੁੱਤਰ ਰਾਮੂਮਲ ਨੇ ਆਪਣੀ ਦੁਕਾਨ 'ਤੇ ਸਿੰਘਾਂ ਨੂੰ ਵੇਖਦਿਆਂ ਹੀ ਗੁਰੂ ਗੋਬਿੰਦ ਸਿੰਘ ਜੀ ਲਈ ਭੈੜੇ ਸ਼ਬਦ ਬੋਲਣੇ ਸ਼ੁਰੂ ਕਰ ਦਿੱਤੇ, ਕਿ ਗੁਰੂ ਸਾਹਿਬ ਨੇ ਆਪਣੇ ਸਾਰੇ ਪੁੱਤਰਾਂ ਨੂੰ ਸ਼ਹੀਦ ਕਰਾ ਦਿੱਤਾ ਅਤੇ ਅਨੰਦਪੁਰ ਨੂੰ ਵਜ਼ੀਰ ਖ਼ਾਨ ਦੇ ਹੱਥੋਂ ਗੁਆ ਲਿਆ ਹੈ। ਚੂਹੜਮਲ ਦਾ ਦੂਜਾ ਪੁੱਤਰ ਮੋਹਕਮ ਸਿੰਘ ਸੀ, ਜੋ ਖੰਡੇ ਬਾਟੇ ਦੀ ਪਾਹੁਲ ਲੈ ਕੇ ਸਿੰਘ ਸਜ ਗਿਆ ਸੀ। ਪੁਰਾਤਨ ਰਹਿਤਨਾਮਿਆਂ ਦੇ ਅਨੁਸਾਰ, ਖ਼ਾਲਸੇ ਨੂੰ ਗੁਰੂ ਜੀ ਦੀ ਨਿੰਦਾ ਕਦੇ ਨਹੀਂ ਸੁਣਨੀ ਚਾਹੀਦੀ। ਇਸ ਦਾ ਪਰਮਾਨ ਇਸ ਤਰ੍ਹਾਂ ਹੈ—

**ਗੁਰੂ ਕੀ ਜੋ ਨਿੰਦਾ ਕਰੇ ਤਾਂਕਾ ਸੀਸ ਕਾਟੇ, ਨਹੀਂ ਵਹਾ ਸੇ ਭਾਗੇ**

**(ਭਾਈ ਦਇਆ ਸਿੰਘ ਰਹਿਤਨਾਮਾ)**

ਇਸ ਵਾਕਿਆ ਨੂੰ ਰਾਜਪੂਤ ਸਿੱਖਾਂ ਦੇ ਰਾਏ ਭੱਟਾਂ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ—

**ਮੀਣਿਆਂ ਚੋਂ ਮੁਖੀ ਇੱਕ, ਚੂਹੜਮਲ ਖਤ੍ਰੀ ਸੀ,**
**ਨਿਰੰਜਨੀ ਦੇ ਵਲੋਂ ਕੰਮ ਕਰੇ ਗੁਰਿਆਈ ਦਾ,**
**ਹੰਕਾਰਿਆ ਧਿਕਾਰਿਆ ਤੇ, ਦੋਖੀ ਗੁਰੂ ਘਰ ਦਾ ਸੀ,**
**ਸੰਗਤ 'ਚ ਬੈਠ ਕੰਮ, ਕਰੇ ਬੁਰਿਆਈ ਦਾ,**
**ਸੇਵਾ ਹਰੀ ਬੜਾ ਪੂਤ, ਚੂਹੜ ਦਾ ਸੀ ਰਾਮੂ ਮਲ,**

ਬਾਪ ਗੈਲੋਂ ਵੱਧ ਕੰਮ, ਕਰੇ ਖੁਟਿਆਈ ਦਾ,
ਮੁਹਕਮ ਸਿੰਘ ਤੇ ਰਾਮੂ ਮੱਲ, ਉਭੈ ਚੂਹੜ ਕੇ ਪੂਤ,
ਮੁਹਕਮ ਸਿੰਘ ਸੀ ਪਹੁਲੀਆ, ਰਾਮੂ ਮਲ ਸੀ ਊਤ,
ਰਾਮੂ ਥੀਂ ਕਛੁ ਸਿੰਘਾਂ ਨੇ, ਮੰਗੇ ਤੂਤ ਸੀ ਮੋਲ,
ਕਹਿੰਦਾ ਮੈਂ ਨਹੀਂ ਦੇਵਣੇ, ਬੋਲਿਆ ਬੋਲ ਕੁਬੋਲ

**(ਪੰਡਿਤ ਭੱਟ ਸੇਵਾ ਸਿੰਘ ਜੀ)**

ਇਸ ਲਈ ਸਿੰਘਾਂ ਨੇ ਆਪਣੇ ਵਿਹਾਰ ਦੇ ਨਿਯਮਾਂ ਦੀ ਪਾਲਣਾ ਕਰਦਿਆਂ, ਰਾਮੂ ਮੱਲ ਨੂੰ ਸਬਕ ਸਿਖਾਇਆ। ਖੋਟਦਿਲੇ ਚੂਹੜਮਲ ਦੇ ਰਿਸ਼ਤੇਦਾਰਾਂ ਨੇ ਦੀਵਾਨ ਮਨੀ ਸਿੰਘ ਜੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਸਿੰਘਾਂ ਤੋਂ ਬਦਲਾ ਲੈਣ ਦੀ ਸਹੁੰ ਖਾਧੀ ਅਤੇ ਸਿੰਘਾਂ ਵਿਰੁੱਧ ਸੂਬਾਦਾਰ ਲਾਹੌਰ ਦੇ ਦਰਬਾਰ ਤੋਂ ਮਦਦ ਮੰਗੀ।

❒

## ਅਧਿਆਇ 17

# ਲਾਹੌਰ ਦੇ ਸੂਬੇਦਾਰ ਅਸਲਮ ਖ਼ਾਨ ਦੀਆਂ ਫ਼ੌਜਾਂ ਨਾਲ ਲੜਾਈ

ਚੂਹੜਮਲ ਸੂਬੇਦਾਰ ਲਾਹੌਰ ਅਸਲਮ ਖਾਨ ਕੋਲ ਗਿਆ ਅਤੇ ਇਸ ਘਟਨਾ ਬਾਰੇ ਝੂਠੀ ਸ਼ਿਕਾਇਤ ਕੀਤੀ। ਮੁੱਦਾ ਦੀਵਾਨ ਮਨੀ ਸਿੰਘ ਜੀ ਕੋਲ ਆਇਆ ਅਤੇ ਦੀਵਾਨ ਜੀ ਨੇ ਚੂਹੜਮਲ ਨੂੰ ਸਮਝਾਇਆ ਅਤੇ ਇਸ ਘਟਨਾ ਨੂੰ ਭੁੱਲਣ ਦੀ ਕੋਸ਼ਿਸ਼ ਕਰਣ ਲਈ ਕਿਹਾ। ਪਰ ਦੁਸ਼ਟ ਦਿਲ ਚੂਹੜਮਲ ਅਸਮਲ ਖ਼ਾਨ ਨੂੰ ਅੰਮ੍ਰਿਤਸਰ ਦੇ ਖ਼ਾਲਸੇ ਵਿਰੁੱਧ ਭੜਕਾਉਣ ਲਈ ਉਤਾਰੂ ਸੀ।

**ਗੈਲ ਪੜੋਸੀ ਚੂਹੜ ਤਉ, ਮਸਲਤ ਕੀਨੀ ਆਨ,**
**ਸਿੰਘਾਂ ਕੁ ਪਕੜਾਨ ਹਿਤ, ਲਈ ਦੁਸ਼ਟ ਸੀ ਠਾਨ,**
**ਮਨੀ ਸਿੰਘ ਸਮਝਾਇਆ, ਨਹਿ ਸਮਝਿਆ ਸ਼ੈਤਾਨ,**
**ਖਾਂ ਅਸਲਮ ਢਿਗ ਪਹੁੰਚਿਆ, ਮੰਦ ਮਤੀ ਹੈਵਾਨ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਅਸਲਮ ਖਾਂ ਇੱਕ ਪ੍ਰਸਿੱਧ ਜਰਨੈਲ ਸੀ ਅਤੇ ਮੁਗ਼ਲ ਬਾਦਸ਼ਾਹ ਫ਼ਰਖ਼ੁਸ਼ੀਅਰ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਅਧੀਨ ਖ਼ਾਲਸੇ ਦੇ ਵਿਦਰੋਹ ਨੂੰ ਕੁਚਲਣ ਲਈ ਲਾਹੌਰ ਦਾ ਸੂਬੇਦਾਰ ਬਣਾਇਆ ਸੀ। ਲਾਹੌਰ ਦਾ ਸੂਬੇਦਾਰ ਸਿੰਘਾਂ ਦੀ ਵੱਧਦੀ ਹੋਈ ਫੌਜੀ ਤਾਕਤ ਕਾਰਨ ਪਹਿਲਾਂ ਹੀ ਖ਼ਾਲਸੇ ਪ੍ਰਤੀ ਮਤਭੇਦ ਕਰ ਰਿਹਾ ਸੀ।

ਇਸ ਲਈ ਅਸਲਮ ਖਾਨ ਨੇ ਦੀਵਾਨ ਮਨੀ ਸਿੰਘ ਜੀ ਦੀ ਕਮਾਨ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਖ਼ਾਲਸੇ ਉੱਤੇ ਹਮਲਾ ਕਰਨ ਦਾ ਫੈਸਲਾ ਕੀਤਾ ਅਤੇ ਆਪਣੇ ਜਰਨੈਲਾਂ ਨੂੰ ਫੌਜਾਂ ਦੇ ਕੇ ਭੇਜਿਆ। ਮਨੀ ਸਿੰਘ ਜੀ ਨੇ ਸਿੰਘ ਸਰਦਾਰਾਂ ਨੂੰ ਅੰਮ੍ਰਿਤਸਰ ਵਿਖੇ ਅਸਲਮ ਖਾਨ ਖਿਲਾਫ ਖ਼ਾਲਸਾ ਫੌਜਾਂ ਵਿੱਚ ਸ਼ਾਮਲ ਹੋਣ ਲਈ ਪੱਤਰ ਲਿਖੇ ਸਨ।

**ਭੇਜ ਪਾਤੀਆਂ ਮਨੀ ਸਿੰਘ, ਸਿੰਘਨ ਲੀਯਾ ਬੁਲਾਇ,**
**ਪਹੁਚੇ ਸਿਰ ਲੱਥ ਸੂਰਮੇ, ਧਰਮ ਜੁਧ ਜਹਿ ਚਾਇ**

(ਪੰਡਿਤ ਭੱਟ ਸੇਵਾ ਸਿੰਘ ਜੀ)

ਲੜਾਈ ਸ਼ੁਰੂ ਹੋਈ ਅਤੇ ਦੋਵੇਂ ਪਾਸਿਆਂ ਦੇ ਬਹੁਤ ਸਾਰੇ ਸਰਦਾਰ ਸ਼ਹੀਦ ਹੋ ਗਏ। ਮਨੀ ਸਿੰਘ ਜੀ ਦੀ ਅਗਵਾਈ ਹੇਠ ਖਾਲਸਾਈ ਫ਼ੌਜਾਂ ਅਸਲਮ ਖ਼ਾਨ ਦੀਆਂ ਫੌਜਾਂ ਅਤੇ ਮੀਣਿਆਂ ਨੂੰ ਹਰਾਉਣ ਵਿੱਚ ਕਾਮਯਾਬ ਹੋਈਆਂ। ਇਸ ਮਹਾਂਕਾਵਿ ਵਿੱਚ ਇਸ ਯੁੱਧ ਦਾ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ—

**ਹੋਈ ਹਾਰ ਤੁਰਕੇਸ਼ ਕੀ, ਬਹੁਤੇ ਮਰੇ ਸਰਦਾਰ,**
**ਹਾਹਾਕਾਰ ਘਰ ਮੀਣਿਆਂ, ਸਿੰਘਨ ਜੈ ਜੈ ਕਾਰ,**
**ਚੂਹੜੂ ਓਹਰੀ ਪਿਟਿਆ, ਬੀਚ ਕਚਹਿਰੀ ਜਾਇ,**
**ਹਾਰ ਹੋਈ ਸੁਨ ਕਾਂਪਿਆ, ਸੂਬਾ ਅਸਲਮ ਖਾਇ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਸੂਬੇਦਾਰ ਅਸਲਮ ਖਾਨ ਆਪਣੇ ਜਰਨੈਲਾਂ ਦੀ ਹਾਰ ਨੂੰ ਵੇਖਕੇ ਘਬਰਾ ਗਿਆ ਅਤੇ ਲਾਹੌਰ ਤੋਂ ਆਪਣੀ ਵੱਡੀ ਮੁਗ਼ਲ ਫੌਜ ਨਾਲ ਆਪ ਹਮਲਾ ਕਰਨ ਦਾ ਫੈਸਲਾ ਕੀਤਾ। ਦੀਵਾਨ ਮਨੀ ਸਿੰਘ ਜੀ ਅਤੇ ਉਨ੍ਹਾਂ ਦੇ ਖਾਲਸਾਈ ਸਰਦਾਰ ਵੀ ਅਸਲਮ ਖਾਨ ਨੂੰ ਕਰਾਰਾ ਜਵਾਬ ਦੇਣ ਲਈ ਤਿਆਰ ਸਨ। ਇਨ੍ਹਾਂ ਨੇ ਆਪਣੀਆਂ ਤਲਵਾਰਾਂ (ਭਗਾਉਤੀਆਂ) ਨੂੰ ਜੰਗ ਲਈ ਤਿਆਰ ਕਰ ਲਿਆ। ਭਗਉਤੀ ਨੂੰ ਤਲਵਾਰ ਦਾ ਨਾਮ ਖਾਲਸੇ ਦੇ ਯੋਧਿਆਂ ਨੇ ਦਿੱਤਾ ਕਿਉਂਕਿ ਉਹ ਤਲਵਾਰ ਨੂੰ ਦੇਵੀ ਕਹਿ ਕੇ ਪੂਜਦੇ ਸਨ। ਖ਼ਾਲਸੇ ਦੁਆਰਾ ਤਲਵਾਰ ਦੀ ਪੂਜਾ ਤੋਂ ਇਲਾਵਾ ਭਾਰਤ ਦੇ ਹੋਰ ਰਾਜਪੂਤ ਯੋਧਿਆਂ ਵਿੱਚ ਵੀ ਇਹ ਚਲਨ ਪਾਇਆ ਜਾਂਦਾ ਹੈ। ਭਗਵਤੀ ਦੇਵੀ ਦੇ ਰੂਪ ਵਿੱਚ ਪੂਜਾ ਕਰਨਾ ਸਾਰੇ ਭਾਰਤ ਵਿੱਚ ਰਾਜਪੂਤਾਂ ਲਈ ਇੱਕ ਬਹੁਤ ਹੀ ਖਾਸ ਰਵਾਇਤ ਹੈ, ਜੋ ਭਾਰਤ ਦੇ ਹੋਰ ਕਿਸੇ ਵੀ ਸਮੁਦਾਏ ਵਿੱਚ ਨਹੀਂ ਮਿਲਦੀ। ਇਹ ਸਪਸ਼ਟ ਤੌਰ ਤੇ ਖਾਲਸੇ ਵਿੱਚ ਰਾਜਪੂਤ ਮਾਰਸ਼ਲ ਪਰੰਪਰਾਵਾਂ ਦੇ ਡੂੰਘੇ ਪ੍ਰਭਾਵ ਨੂੰ ਦਰਸਾਉਂਦਾ ਹੈ ਕਿਉਂਕਿ ਪ੍ਰਮੁੱਖ ਖਾਲਸੇ ਸਰਦਾਰ ਅਤੇ ਸ਼ਸਤਰ-ਵਿੱਦਿਆ ਸਿਖਾਉਣ ਵਾਲੇ ਰਾਜਪੂਤ ਸਨ। ਸਾਰੇ ਗੁਰਦੁਆਰਿਆਂ ਵਿੱਚ ਕੀਤੀ ਜਾਂਦੀ ਅਰਦਾਸ ਵੀ ਤਲਵਾਰ ਦੀ ਪੂਜਾ ਨਾਲ ਸ਼ੁਰੂ ਹੁੰਦੀ ਹੈ, ਜਿਵੇਂ ਕਿ "ਪ੍ਰਿਥਮ ਭਗੌਤੀ ਸਿਮਰਿ ਕੈ ਗੁਰੂ ਨਾਨਕ ਲਈ ਧਿਆਇ"। ਇਸ ਮਹਾਂਕਾਵਿ ਦਾ ਜ਼ਿਕਰ ਇਸ ਤਰ੍ਹਾਂ ਹੈ—

**ਗੈਲ ਫੌਜ ਤੁਰਕਾਨ ਕੀ, ਚੜੀ *ਲਵਪੁਰੋਂ ਆਇ,**
**ਬੈਠੇ ਸਿੰਘ ਤਯਾਰ ਸੀ, ਮਰਨ ਮਾਰਨਾ ਮੰਡ,**
**ਖੇਲਣੇ ਹੇਤ ਸ਼ਿਕਾਰ ਉਨ, ਲਈਆਂ ਭਗਉਤੀਆਂ ਚੰਡ**

**(ਪੰਡਿਤ ਭੱਟ ਸੇਵਾ ਸਿੰਘ ਜੀ)**

---

* ਲਾਹੌਰ ਦਾ ਅਸਲ ਨਾਮ ਲਵਪੁਰ ਸੀ, ਜਿਸਦਾ ਨਾਮ ਭਗਵਾਨ ਰਾਜਾ ਰਾਮਚੰਦਰ ਜੀ ਦੇ 'ਪੁੱਤਰ ਲਵ ਦੇ ਨਾਮ ਉੱਤੇ ਰੱਖਿਆ ਗਿਆ ਸੀ।

ਯੁੱਧ ਖ਼ਾਲਸੇ ਅਤੇ ਮੁਗ਼ਲਾ ਦਰਮਿਆਨ ਸ਼ੁਰੂ ਹੋਇਆ ਸੀ ਅਤੇ ਇਹ ਦ੍ਰਿਸ਼ ਮਹਾਂਕਾਵਿ ਦੇ ਲੇਖਕ ਦਰਬਾਰੀ ਭੱਟ ਦੀਆਂ ਅੱਖਾਂ ਲਈ ਸੂਰਬੀਰਤਾ ਅਤੇ ਸ਼ਾਨ ਨਾਲ ਭਰਿਆ ਦ੍ਰਿਸ਼ ਸੀ। ਭੱਟ ਸਾਹਿਬਾਨ ਲਿਖਦੇ ਹਨ ਕਿ ਦੀਵਾਨ ਮਨੀ ਸਿੰਘ ਜੀ ਦੀ ਅਗਵਾਈ ਵਿੱਚ ਖ਼ਾਲਸੇ ਅਤੇ ਸੂਬੇਦਾਰ ਅਸਲਮ ਖਾਨ ਦੀ ਅਗਵਾਈ ਹੇਠ ਮੁਗ਼ਲਾਂ ਵਿਚਾਲੇ ਇਹ ਲੜਾਈ ਇੰਜ ਲੱਗ ਰਹੀ ਸੀ ਜਿਵੇਂ ਭਗਵਾਨ ਰਾਮ ਅਤੇ ਲੰਕੇਸ਼ ਰਾਵਣ ਦੀ ਲੜਾਈ ਹੋਵੇ।

**ਸੁਣਾ ਵਾਕ ਥੀ ਅਕਾਲੀ, ਭਖੀ ਖਾਲਸੇ ਨੂੰ ਲਾਲੀ,**
**ਗੁਰੂ ਆਪ ਸਾਡਾ ਵਾਲੀ, ਉਨ੍ਹੇ ਕਟਣੇ ਕਲੇਸ਼ ਜੀ,**
**ਕਰ ਅਰਦਾਸ ਫੌਜ, ਖਾਲਸੇ ਕੀ ਚਲੀ ਖਾਸ,**
**ਗਈ ਰਾਮਸਰ ਪਾਸ, ਗੈਲ ਲਰਨ ਤੁਰਕੇਸ ਜੀ,**
**ਸੇਵਾ ਹਰੀ ਬਲਿਹਾਰੀ, ਜਾਵਾਂ ਖਾਲਸੇ ਥੀਂ ਵਾਰੀ,**
**ਜਿਵੇਂ ਰਾਮ ਅਵਤਾਰੀ ਆਯਾ, ਚੜ੍ਹ ਕੇ ਲੰਕੇਸ਼ ਜੀ। 125।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਇਸ ਲੜਾਈ ਵਿੱਚ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਖ਼ਾਲਸਾ ਫ਼ੌਜਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵਾਪਸ ਆ ਗਈਆਂ ਅਤੇ ਪਾਠ ਪੂਜਾ ਕਰਨ ਅਤੇ ਹਥਿਆਰਾਂ ਦੇ ਅਭਿਆਸ ਦਾ ਆਪਣਾ ਰੋਜ਼ਾਨਾ ਦਾ ਕੰਮ ਜਾਰੀ ਰੱਖਿਆ।

ਕੁਝ ਸਾਲਾਂ ਬਾਅਦ ਖ਼ਾਲਸੇ ਨੇ ਬਾਬਾ ਬੰਦਾ ਸਿੰਘ ਬਹਾਦਰ (ਜੰਮੂ ਦੇ ਮਿਨਹਾਸ ਰਾਜਪੂਤ), ਦੀਵਾਨ ਮਨੀ ਸਿੰਘ ਜੀ ਦੇ ਚਚੇਰੇ ਭਰਾ ਬਾਜ ਸਿੰਘ ਬਾਜ ਬਹਾਦੁਰ (ਸਰਕਾਰ-ਏ-ਬੰਗਸ਼ ਦੇ ਪੰਵਾਰ ਰਾਜਪੂਤ ਰਾਜਕੁਮਾਰ*) ਦੀ ਅਗਵਾਈ ਹੇਠ ਸਰਹਿੰਦ ਉੱਤੇ ਹਮਲਾ ਕੀਤਾ ਅਤੇ ਖ਼ਾਲਸੇ ਦਾ ਪਹਿਲਾ ਰਾਜ ਕਾਇਮ ਕਰ ਦਿੱਤਾ।

ਇਨ੍ਹਾਂ ਦੀ ਕਮਾਨ ਹੇਠ ਖਾਲਸਾਈ ਫੌਜਾਂ ਅਤੇ ਜਰਨੈਲਾਂ ਨੇ ਸਰਹਿੰਦ ਦੀ ਸਰਕਾਰ ਫਤਹਿ ਕਰ ਲਈ ਅਤੇ ਸਰਹਿੰਦ ਦੇ ਫੌਜਦਾਰ ਵਜ਼ੀਰ ਖਾਨ ਨੂੰ ਮਾਰ ਮੁਕਾਇਆ। ਖਾਲਸੇ ਨੇ ਸਰਹਿੰਦ ਵਿੱਚ ਆਪਣਾ ਰਾਜ ਸਥਾਪਿਤ ਕੀਤਾ ਅਤੇ ਬਾਜ ਸਿੰਘ

* ਬੰਗਸ਼ ਸਰਕਾਰ ਦੀ ਫ਼ੌਜਦਾਰੀ ਔਰੰਗਜ਼ੇਬ ਨੇ ਬਾਜ ਸਿੰਘ ਜੀ ਬਾਜ ਬਹਾਦਰ ਦੇ ਪਰਿਵਾਰ ਨੂੰ ਦੇ ਰੱਖੀ ਸੀ। ਕੁੰਵਰ ਬਾਜ ਸਿੰਘ ਜੀ ਦੇ ਵੱਡੇ ਭਰਾ ਰਾਜਾ ਭਗਵੰਤ ਸਿੰਘ ਪੰਵਾਰ ਸਰਕਾਰ-ਏ-ਬੰਗਸ਼ ਦੇ ਫ਼ੌਜਦਾਰ ਸਨ, ਜਿਨਾਂ ਕੋਲ ੧000 ਦਾ ਮਨਸਬ ਅਤੇ ੫000 ਕੁਲ ਪੰਵਾਰ ਰਾਜਪੂਤਾਂ ਦੀ ਫੌਜ ਸੀ। ਇੰਨਾਂ ਦੇ ਅਨੁਜ ਬਾਜ ਸਿੰਘ ਪੰਵਾਰ ਅਤੇ ਕੁੰਵਰ ਕੋਇਰ ਸਿੰਘ ਜੀ ਪੰਵਾਰ ਕੋਲ ਵੀ ੨00 ਤੋਂ ਵੱਧ ਘੋੜਸਵਾਰਾਂ ਅਤੇ ੧000 ਫੌਜਾਂ ਦਾ ਮਨਸਬ ਸੀ। ਸੋ ਇਸ ਤਰ੍ਹਾਂ ਬੰਗਸ਼ ਸਰਕਾਰ ਦੇ ਇੰਨਾਂ: ਪੰਵਾਰ ਰਾਜਪੂਤ ਫੌਜਦਾਰਾਂ ਕੋਲ ੮000 ਦੇ ਕਰੀਬ ਦੀ ਫੌਜ ਸੀ ਜਿਸ ਨੇ ੧0000 ਫੌਜ ਵਾਲੀ ਸਰਹਿੰਦ ਸਰਕਾਰ ਦੇ ਫੌਜਦਾਰ ਵਜ਼ੀਰ ਖਾਨ ਉੱਤੇ ਹਮਲਾ ਕੀਤਾ ਸੀ।

ਬਾਜ ਬਹਾਦੁਰ ਨੇ ਸਰਹਿੰਦ ਸਰਕਾਰ ਵਿਖੇ ਪਹਿਲੇ ਖਾਲਸਾਈ ਰਾਜ ਵਿੱਚ ਸ਼ਾਸਨ ਕੀਤਾ। ਇਨ੍ਹਾਂ ਤੇ ਛੋਟੇ ਭਰਾਤਾ ਰਾਜਾ ਰਾਮ ਸਿੰਘ ਪੰਵਾਰ ਨੂੰ ਪਹਿਲੇ ਖਾਲਸਾ ਸਾਮਰਾਜ ਵਿੱਚ ਥਾਨੇਸਾਰ ਦਾ ਰਾਜਾ ਬਣਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਖਾਲਸੇ ਦੇ ਖੇਤਰ ਨੂੰ ਹੋਰ ਵਧਾਉਣ ਲਈ ਲੋਹਗੜ੍ਹ ਚਲੇ ਗਏ ਅਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਸਿੱਕੇ ਜਾਰੀ ਕੀਤੇ।

**ਕਛੁਕ ਕਾਲ ਬੀਤਯੋ ਇਮ ਆਈ, ਤੇਜ ਸਿੰਘਨ ਭਯੋ ਦੂਨ ਸਵਾਈ,**
**ਲੀ ਸੀਰੰਦ ਖਾਲਸੇ ਮਾਰ, ਮਰਯੋ ਬਜੀਰਾ ਹੋਇ ਖੁਆਰ,**
**ਗੁਰ ਦੋਖੀ ਸਗ ਕੀ ਮਿਤ ਪਾਏ, ਕਲਗੀਧਰ ਇਮ ਕਹਿਆ ਅਲਾਏ,**
**ਹੋਇਆ ਰਾਜ ਧਰਮ ਦਾ ਸਾਰੇ, ਚੁਨ ਚੁਨ ਕੇ ਦੋਖੀ ਸਬ ਮਾਰੇ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

❐

# ਅਧਿਆਇ 18

# ਖ਼ਾਲਸੇ ਦੀ ਸ਼ਕਤੀ ਦਾ ਘਟਨਾ

ਪਹਿਲੇ ਖ਼ਾਲਸੇ ਰਾਜ ਦੇ ਸ਼ਾਸਨ ਤੋਂ ਬਾਅਦ,ਮੁਗ਼ਲਾਂ ਨੇ ਆਪਣੀ ਪੂਰੀ ਤਾਕਤ ਨਾਲ ਖ਼ਾਲਸੇ ਵਿਰੁੱਧ ਲੜਾਈ ਲੜੀ। ਅਖੀਰ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਬਾਜ ਸਿੰਘ ਬਾਜ ਬਹਾਦੁਰ ਦੇ ਹੱਥੋਂ ਲੋਹਗੜ੍ਹ, ਸਰਹਿੰਦ, ਸਮਾਣਾ, ਸਢੋਰਾ, ਬਠਿੰਡਾ ਦੇ ਕਿਲ੍ਹੇ ਮੁਗ਼ਲਾਂ ਨੇ ਖੋਹ ਲਏ।

ਖਾਲਸੇ ਦੇ ਡਰ ਨੇ ਮੁਗ਼ਲ ਸ਼ਾਸਕਾਂ ਦੇ ਮਨਾਂ ਨੂੰ ਏਨੀ ਬੁਰੀ ਤਰ੍ਹਾਂ ਡਰਾਇਆ ਕਿ ਮੁਗ਼ਲਾਂ ਨੇ ਖਾਲਸਾਈ ਯੋਧਿਆਂ ਦੇ ਸਿਰਾਂ ਤੇ ਇਨਾਮੀ ਰਾਸ਼ੀ ਪਾ ਦਿੱਤੀ। ਉਸ ਸਮੇਂ ਹਜ਼ਾਰਾਂ ਖਾਲਸੇ ਯੋਧੇ ਸ਼ਹੀਦ ਹੋਏ ਸਨ। ਖ਼ਾਲਸਾ ਸਰਦਾਰਾਂ ਦੀ ਬਹੁਗਿਣਤੀ ਪੰਜਾਬ ਦੇ ਜੰਗਲੀ ਇਲਾਕਿਆਂ ਵਿੱਚ ਭੱਜ ਗਈ ਅਤੇ ਉੱਥੋਂ ਮੁਗਲਾਂ ਦੇ ਕਾਫ਼ਲਿਆਂ ਉੱਤੇ ਆਪਣੇ ਹਮਲੇ ਜਾਰੀ ਰੱਖੇ। ਮਹਾਰਾਜਾ ਗੁਲਾਬ ਸਿੰਘ ਜੀ ਰਾਠੌਰ, ਡੱਲੇਵਾਲੀਆ ਮਿਸਲ ਦੇ ਸੰਸਥਾਪਕ ਦੀ ਅਗਵਾਈ ਹੇਠ, ਡਲੇਵਾਲ ਕਿਲ੍ਹਾ 1717 ਤੋਂ 1747 ਤੱਕ 30 ਸਾਲਾਂ ਲਈ ਖਾਲਸਾਈ ਸ਼ਕਤੀ ਦਾ ਮੁੱਖ ਕੇਂਦਰ ਰਿਹਾ। 1717 ਦੇ ਲਗਭਗ 10 ਸਾਲਾਂ ਬਾਅਦ, ਖ਼ਾਲਸੇ ਸਰਦਾਰਾਂ ਨੂੰ ਉਸ ਵਕਤ ਸ਼ਾਇਦ ਹੀ ਸ਼ਹਿਰਾਂ ਜਾਂ ਪਿੰਡਾਂ ਵਿੱਚ ਮੁਸ਼ਕਿਲ ਨਾਲ ਵੇਖਿਆ ਜਾਂਦਾ ਸੀ। ਬਹੁਤੇ ਖ਼ਾਲਸਾ ਸਿੱਖ ਮੁਗਲਾਂ ਨਾਲ ਸਖ਼ਤ ਲੜਾਈ ਲੜਨ ਲਈ ਜੰਗਲਾਂ ਦੇ ਟਿਕਾਣਿਆਂ ਵਿੱਚ ਰਹਿੰਦੇ ਸਨ। ਇਹ ਭਾਰਤੀ ਇਤਿਹਾਸ ਵਿੱਚ ਗੁਰੀਲਾ ਯੁੱਧ ਦਾ ਇੱਕ ਮਹਾਨ ਉਦਾਹਰਣ ਸੀ।


**ਬੀਤੇ ਬਹੁਤ ਬਰਖ ਇਮ ਆਈ, ਸਿੰਘ ਦੇਸ ਮਹਿ ਰਹਿਯੋ ਨਹਿ ਕਾਈ,**
**ਮੁਨਸੀ ਔਰ ਮੁਸੱਦੀ ਸਬ, ਛੋਰ ਸੁਧਾ ਸਰ ਗਏ ਸੀ ਤਬ,**
**ਗਯੋ ਖਾਲਸਾ ਖਿੰਡ ਪੁੰਡ ਸਾਰਾ, ਜੋ ਅੜਿਆ ਸੋ ਗਯਾ ਸੀ ਮਾਰਾ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

# ਦੀਵਾਨ ਮਨੀ ਸਿੰਘ ਜੀ ਦਾ ਅੰਮ੍ਰਿਤਸਰ ਤੋਂ ਮਾਤਾ ਸੁੰਦਰੀ ਜੀ ਨੂੰ ਲਿਖਿਆ ਗਿਆ ਪ੍ਰਸਿੱਧ ਪੱਤਰ

ਮਨੀ ਸਿੰਘ ਜੀ ਨੇ ਅੰਮ੍ਰਿਤਸਰ ਉੱਤੇ ਆਪਣਾ ਨਿਯੰਤਰਣ ਬਣਾਈ ਰੱਖਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਤਨੀਆਂ ਦੀਵਾਨ ਮਨੀ ਸਿੰਘ ਜੀ ਦੀ ਕਮਾਨ ਹੇਠ ਸੁਰੱਖਿਅਤ ਦਿੱਲੀ ਪਹੁੰਚ ਗਈਆਂ ਸਨ। ਦੀਵਾਨ ਮਨੀ ਸਿੰਘ ਜੀ ਇਸ ਚਿੱਠੀ ਵਿੱਚ ਆਪਣੇ ਬੁਢੇਪੇ ਅਤੇ ਸਿਹਤ ਬਾਰੇ ਗੱਲ ਕਰਦੇ ਹਨ। ਪੱਤਰ ਵਿੱਚ ਦੀਵਾਨ ਮਨੀ ਸਿੰਘ ਜੀ ਨੇ ਪੰਜਾਬ ਵਿੱਚ ਖ਼ਾਲਸੇ ਦੀ ਘੱਟ ਗਈ ਸ਼ਕਤੀ ਬਾਰੇ ਵੀ ਜ਼ਿਕਰ ਕੀਤਾ ਹੈ। ਪੱਤਰ ਵਿੱਚ ਦਸਮ ਪਾਤਸ਼ਾਹ ਕੇ ਗ੍ਰੰਥ ਦੇ ਅੰਗਾਂ ਦਾ ਜ਼ਿਕਰ ਵੀ ਮਿਲਦਾ ਹੈ। ਸ੍ਰੀ ਦਸਮ ਗ੍ਰੰਥ ਨੂੰ ਦਸਮ ਪਾਤਸ਼ਾਹ ਦਾ ਗ੍ਰੰਥ ਵੀ ਕਿਹਾ ਜਾਂਦਾ ਹੈ।

ਇਹ ਪੱਤਰ ਇਸ ਤਰ੍ਹਾਂ ਹੈ—


੧ਓ ਅਕਾਲ ਸਹਾਏ॥

## ੧ੳ ਅਕਾਲ ਸਹਾਏ॥

ਪੂਜ ਮਾਤਾ ਜੀ ਦੇ ਚਰਨਾ ਪਰ ਮਨੀ ਸਿੰਘ ਕੀ ਡੰਡੋਤ ਬੰਦਨਾਂ॥ ਬਹੁਰੋ ਸਮਾਚਾਰ ਵਾਚਨਾ ਕਿ ਇਧਰ ਆਉਨ ਪਰ ਸਾਡਾ ਸਰੀਰੁ ਵਾਯੂ ਕਾ ਅਧਿਕ ਵਿਕਾਰੀ ਹੋਇ ਗਇਆ ਹੈ॥ ਸੁਅਸਤ ਨਾਹੀ ਰਿਹਿਆ॥ ਤਾਪ ਕੀ ਕਥਾ ਦੇ ਬਾਰ ਸੁਨੀ॥ ਪਰ ਮੰਦਿਰ ਕੀ ਸੇਵਾ ਮੇਂ ਕੋਈ ਆਲਕੁ ਨਾਹੀ॥ ਦੇਸੁ ਵਿੱਚ ਖਾਲਸੇ ਕਾ ਬਲੁ ਛੂਟਿ ਗਇਆ ਹੈ॥ ਸਿੰਘ ਪਰਬਤਾ ਬਬਾਨਾ ਵਿਚਿ ਜਾਇ ਬਸੇ ਹੈਨ॥ ਮਲੇਛੋ ਕੀ ਦੇਸੁ ਮੇ ਦੋਹੀ ਹੈ॥ ਬਸਤੀ ਮੇਂ ਬਾਲਕ ਜੁਵਾ ਇਸਤਰੀ ਸਲਾਮਤੁ ਨਾਹੀ॥ ਮੁਛ ਮੁਛ ਕਰਿ ਮਾਰਦੇ ਹੈਨ॥ ਗੁਰੂ ਦਰੋਹ ਬੀ ਉਨਾਂ ਦੇ ਸੰਗੁ ਮਿਲਿ ਗਏ ਹੈਨ॥ ਹਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ। ਸਬੀ ਚਕੁ ਛੋੜ ਗਏ ਹੈਨ। ਮੁਤਸਦੀ ਭਾਗ ਗਏ ਹੈਨ॥ ਸਾਡੇ ਪਰ ਅਬੀ ਤੋਂ ਅਕਾਲ ਕੀ ਰਛਾ ਹੈ॥ ਕਲ ਕੀ ਖਬਰ ਨਾਹੀ॥ ਸਾਹਿਬਾ ਕੇ ਹੁਕਮ ਅਟਲ ਹੈਨ॥ ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤੁ ਹੋਇਆ ਗਇਆ ਹੈ॥ ਪੋਥੀਆ ਜੋ ਝੰਡਾ ਸਿੰਘ ਹਾਥਿ ਭੇਜੀ ਥੀ॥ ਉਨਾ ਵਿੱਚ ਸਾਹਿਬਾਂ ਦੇ 303 ਚਰਿੱਤਰ ਉਪਾਖਿਆਨ ਦੀ ਪੋਥੀ ਜੋ ਹੈ ਸੋ ਸੀਹਾ ਸਿੰਘ ਨੂੰ ਮਹਲ ਵਿੱਚ ਦੇਨਾ ਜੀ॥ ਨਾਮ ਮਾਲਾ ਕੀ ਪੋਥੀ ਦੀ ਖਬਰ ਅਬੀ ਮਿਲੀ ਨਾਹੀ॥ ਕਰਿਸਨਾਵਤਾਰ ਪੂਰਬਾਰਧ ਤੋਂ ਮਿਲਾ॥ ਉਤਰਾਰਧ ਨਾਹੀ॥ ਜੋ ਮਿਲਾ ਅਸੀਂ ਭੇਜ ਦੇਵਾਂਗੇ॥ ਦੇਸ ਵਿਚਿ ਗੋਗਾ ਹੈ ਕਿ ਬੰਦਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ॥ ਸਾਹਿਬ ਬਾਹੁੜੀ ਕਰਨਗੇ॥ ਤੋਲਾ 5 ਸੋਨਾ ਸਾਹਿਬਜ਼ਾਦੇ ਕੀ ਘਰਨੀ ਕੇ ਆਭੂਖਨ ਲਈ ਗੁਰੂ ਕਿਆ ਖੰਡੂਰ ਸੇ ਭੇਜਾ ਹੈ॥ 17॥ ਰਚਤਪਨ ਬੀ ਝੰਡਾ ਸਿੰਘ ਸੇ ਭਰ ਪਾਨੇ॥ ਪੰਜ ਰਜਤਪਨ ਇਸੇ ਤੋਸਾ ਦੀਆ॥ ਇਸ ਨੂੰ ਬਦਰਕਾ ਬੀ ਹੈ॥ ਇਸ ਸੇ ਉਠਿ ਜਾਵੇ ਗੇ॥ ਮੁਸਤ ਦੀਓ ਨੇ ਹਿਸਾਬ ਨਾਹੀ ਦੀਆ॥ ਜੋ ਦੇਂਦੇ ਤਾਂ ਬੜੇ ਸਹਿਰ ਸੇ ਹੰਡੀ ਕਰਾਇ ਭੇਜਦੇ॥ ਅਸਾਡੇ ਸਰੀਰ ਦੀ ਰਛਿਆ ਰਹੀ ਤਾਂ ਕੁਆਰ ਦੇ ਮਹੀਨੇ ਆਵਾਂਗੇ॥ ਮਿਤੀ ਵੈਸਾਖੁ 22॥ ਦਸਖਤ ਮਨੀ ਸਿੰਘ॥ ਗੁਰੂ ਚਕੁ ਬੁਗਾ॥ ਜੁਆਬ ਪੋਰੀ ਮੇਂ॥

❒

## ਅਧਿਆਇ 19

# 1733 ਦੀ ਦੀਵਾਲੀ

1717 ਤੋਂ 1733 ਤੱਕ ਖ਼ਾਲਸੇ ਸਰਦਾਰ ਕਈ ਸਾਲਾਂ ਬਾਅਦ ਫਿਰ ਪੰਜਾਬ ਵਿੱਚ ਆਪਣੀ ਤਾਕਤ ਮੁੜ ਪ੍ਰਾਪਤ ਕਰ ਰਹੇ ਸਨ। ਮੁਗ਼ਲ ਸਾਮਰਾਜ ਦੀ ਹਿੱਟ ਲਿਸਟ ਵਿੱਚ ਸ਼ਾਮਲ ਖ਼ਾਲਸੇ ਸਿੱਖ ਕਈ ਸਾਲਾਂ ਤੋਂ ਰਸਮੀ ਇਸ਼ਨਾਨ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚਣ ਵਿੱਚ ਅਸਮਰੱਥ ਰਹੇ ਸਨ। ਦੀਵਾਨ ਮਨੀ ਸਿੰਘ ਜੀ ਆਪਣੀ ਨੀਤੀ ਅਤੇ ਸਮਝ ਬੂਝ ਸਦਕਾ ਅਜੇ ਵੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਆਪਣੇ ਕਾਬੂ ਵਿੱਚ ਰੱਖਣ ਵਿੱਚ ਕਾਮਯਾਬ ਰਹੇ ਸਨ।

1733 ਵਿੱਚ, 90 ਬਰਖ ਦੀ ਬਿਰਧ ਆਯੂ ਚੱਲਦੇ ਦੀਵਾਨ ਮਨੀ ਸਿੰਘ ਜੀ ਨੇ ਖ਼ਾਲਸੇ ਦੀ ਸਥਿਤੀ ਵਿੱਚ ਸੁਧਾਰ ਵੇਖਦਿਆਂ, ਸਾਰੇ ਖ਼ਾਲਸੇ ਸਰਦਾਰਾਂ ਨਾਲ ਦੀਵਾਲੀ ਦੇ ਮੇਲੇ ਨੂੰ ਅੰਮ੍ਰਿਤਸਰ ਵਿਖੇ ਮਨਾਉਣ ਦਾ ਫੈਸਲਾ ਕੀਤਾ।

**ਇਮ ਮਨੀ ਸਿੰਘ ਬੀਰ, ਸ੍ਰੀ ਹਰਿ ਮੰਦਰ ਸਾਹਿਬ ਮੈਂ,**
**ਦੇ ਸਿੰਘਨ ਕੂੰ ਧੀਰ, ਬਡੇ ਕਛੂ ਬਰਖ ਜਬ ॥ 158 ॥ ਦੋਹਰਾ ॥**
**ਆਯੂ ਨੱਬੇ ਬਰਖ ਕੀ, ਮਨੀ ਸਿੰਘ ਕੀ ਆਹਿ,**
**ਮਿਲ ਕਰ ਸਿੰਘਨ ਸਿਆਣਿਆਂ, ਕੀਤੀ ਇਹ ਸਲਾਹਿ...**
**ਮੇਲਾ ਦੀਪਮਾਲ ਕਾ ਆਯੋ, ਚਾਹਤ ਖਾਲਸਾ ਉਸੇ ਲਗਾਯੋ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਦੀਵਾਨ ਮਨੀ ਸਿੰਘ ਜੀ ਨੇ ਆਪਣੇ ਸਹਿਯੋਗੀਆਂ ਰਾਹੀਂ ਲਾਹੌਰ ਦੇ ਸੂਬੇਦਾਰ ਨਾਲ ਸਮਝੌਤਾ ਕੀਤਾ ਕਿ ਖ਼ਾਲਸੇ ਨੂੰ ਦੀਪਮਾਲਾ (ਦੀਵਾਲੀ) ਦੇ ਤਿਉਹਾਰ ਨੂੰ ਸ਼ਾਂਤੀ ਨਾਲ ਮਨਾਉਣ ਦੀ ਆਗਿਆ ਦਿੱਤੀ ਜਾਵੇ। ਲਾਹੌਰ ਦਾ ਸੂਬੇਦਾਰ ਮਨੀ ਸਿੰਘ ਜੀ ਦੀਆਂ ਸ਼ਰਤਾਂ ਨਾਲ ਸਹਿਮਤ ਹੋ ਗਿਆ ਅਤੇ ਮਨੀ ਸਿੰਘ ਜੀ ਨੇ ਸਾਰੇ ਪ੍ਰਮੁੱਖ ਖ਼ਾਲਸੇ ਸਰਦਾਰਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਲੀ ਮਨਾਉਣ ਲਈ ਸੰਦੇਸ਼ ਭੇਜ ਦਿੱਤੇ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਦੀਵਾਲੀ ਦੇ ਤਿਉਹਾਰ ਵਿੱਚ ਕਿਸੇ ਅੜਿੱਚਣ ਤੋਂ ਬਚਣ ਲਈ, ਮਨੀ ਸਿੰਘ ਜੀ ਦੁਆਰਾ ਲਾਹੌਰ ਦੇ ਸੂਬੇਦਾਰ ਨੂੰ 10,000 ਰੁਪਏ ਜਜ਼ੀਆ ਦੇਣ ਦੀ ਅਦਾਇਗੀ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ।

ਰਾਹੀ ਇਨ ਕੇ ਸੂਬੇ ਤਾਈ, ਮਨੀ ਸਿੰਘ ਇਮ ਬਾਤੀ ਅਲਾਈ,
ਮੇਲਾ ਦੀਪਮਾਲ ਕਾ ਆਯੋ, ਚਾਹਤ ਖਾਲਸਾ ਉਸੇ ਲਗਾਯੋ,
ਕੌਲੋਂ ਸੂਰਤ ਸਿੰਘ ਜੀ ਕਹੀ, ਜੁਮੇਵਾਰੀ ਹਮ ਪਰ ਰਹੀ,
ਝਗੜਾ ਕੋਈ ਹੋਵੇ ਨਾਹੀ, ਮੇਲਾ ਕਰ ਵਾਪਸ ਮੁੜੇ ਜਾਹੀ,
ਸੇਵਾ ਹਰੀ ਜੇਜੀਆ ਲੈਨਾ, ਸੂਬੇ ਦਾ ਸੀ ਆਖਰ ਕਹਿਨਾ।

(ਪੰਡਿਤ ਭੱਟ ਸੇਵਾ ਸਿੰਘ ਜੀ)

ਲਿਖ ਪਤਿਯਾ ਮਨੀ ਸਿੰਘ, ਦੀ ਸਿੰਘਨ ਪਹੁੰਚਾਇ,
ਅੰਮ੍ਰਿਤਸਰ ਦੀਦਾਰ ਹਿਤ, ਹੋਇਆ ਖਾਲਸਾ ਤਯਾਰ।

(ਪੰਡਿਤ ਭੱਟ ਸੇਵਾ ਸਿੰਘ ਜੀ)

ਕੁਝ ਦੋਖੀਆਂ ਨੇ ਥੋੜ੍ਹੇ ਜਿਹੇ ਲਾਲਚ ਬਦਲੇ ਮੁਗ਼ਲਾਂ ਨੂੰ ਖ਼ਾਲਸਾ ਸਿੱਖ ਸਰਦਾਰਾਂ ਵਿਰੁੱਧ ਸੂਹ ਦੇਣ ਦੀ ਪੂਰੀ ਕੋਸ਼ਿਸ਼ ਕੀਤੀ। ਇਨ੍ਹਾ ਵਿੱਚੋਂ ਕਈ ਕਾਸ਼ਤਕਾਰ ਜਿਵੇਂ ਹਰੀ ਨਿਰੰਜਨ, ਕਰਮਾ ਛੀਨਾ, ਗਾਬਾ ਗਿੱਲ, ਨਗੀਨਾ, ਰਾਮੂ, ਲੱਖੂ, ਸਾਹਿਬ ਰਾਏ ਲਾਹੌਰ ਦਰਬਾਰ ਦੇ ਪ੍ਰਮੁੱਖ ਟਾਊਟ ਸਨ ਜੋ ਖ਼ਾਲਸਾ ਸਿੱਖ ਸਰਦਾਰਾਂ ਦੀ ਲਹਿਰ ਸੰਬੰਧੀ ਮੁਖਬਰੀ ਕੁੱਝ ਪੈਸਿਆਂ ਬਦਲੇ ਮੁਗ਼ਲਾਂ ਨੂੰ ਪ੍ਰਦਾਨ ਕਰਿਆ ਕਰਦੇ ਸਨ।

ਦੇਸ ਧਰੋਹੀ ਮਿਲ ਕਰ ਸਾਰੇ, ਕਰਨ ਮੁਖਬਰੀ ਸਿੰਘਨ ਬਾਰੇ,
ਹਰਿ ਨਿਰੰਜਨ ਕਰਮਾ ਛੀਨਾ, ਗਾਬਾ ਗਿੱਲ ਔ ਦੁਸ਼ਟ ਨਗੀਨਾ,
ਰਾਮੂ ਲੱਖੂ ਸਾਹਿਬ ਰਾਇ, ਇਤ ਆਦਿਕ ਦੋਖੀ ਸਬ ਆਇ,
ਸੂਬੇ ਤਾਈ ਬਹਿ ਸਮਝਾਇਆ, ਪੁਰਬ ਸਿੰਘਨ ਕਾ ਜੋ ਇਹ ਆਇਆ,
ਪਕੜੋ ਮਾਰੋ ਇਨ ਕੇ ਤਾਈ, ਮੁਕ ਰੇੜਕਾ ਨਿਤ ਦਾ ਜਾਈ,
ਸੇਵਾ ਹਰੀ ਜਿਸ ਰਾਖੇ ਆਪ, ਗੁਰ ਮੇਰੇ ਕਾ ਬਡ ਪਰਤਾਪ।

(ਪੰਡਿਤ ਭੱਟ ਸੇਵਾ ਸਿੰਘ ਜੀ)

ਲਾਹੌਰ ਦੇ ਸਿੱਖਾਂ ਨੇ ਮਨੀ ਸਿੰਘ ਜੀ ਨੂੰ ਚਿੱਠੀ ਲਿਖ ਕੇ ਸੁਚੇਤ ਕੀਤਾ ਕਿ ਲਾਹੌਰ ਦਾ ਬੇਈਮਾਨ ਸੂਬੇਦਾਰ ਆਪਣੀਆਂ ਸਮਝੌਤੇ ਦੀਆਂ ਸ਼ਰਤਾਂ ਨੂੰ ਤੋੜਨ ਜਾ ਰਿਹਾ ਹੈ ਅਤੇ ਖ਼ਾਲਸੇ 'ਤੇ ਹਮਲਾ ਕਰੇਗਾ ਜਦੋਂ ਉਹ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਦੀਵਾਲੀ ਮਨਾਉਣ ਲਈ ਇੱਕੱਠੇ ਹੋਣਗੇ।

ਲਵਪੁਰੀ ਦਿਆਂ ਸਿੱਖਾਂ ਨੇ, ਲਿਖ ਭੇਜੀ ਅਰਦਾਸ,
ਲੈ ਹਲਕਾਰਾ ਆਇਆ, ਚੱਕ ਮਨੀ ਸਿੰਘ ਪਾਸ,
ਪਾਤੀ ਪੜ੍ਹ ਕੇ ਮਨੀ ਸਿੰਘ, ਮਨ ਮੈਂ ਕੀਆ ਬੀਚਾਰ,

**ਰਾਖਾ ਜਿਸ ਦਾ ਆਪ ਹੋਇ, ਕੌਨ ਉਸ ਮਾਰਨ ਹਾਰ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਦੀਵਾਨ ਮਨੀ ਸਿੰਘ ਜੀ ਨੇ ਇਸ ਖ਼ਬਰ ਦੀ ਪੁਸ਼ਟੀ ਕਰਨ ਤੋਂ ਬਾਅਦ ਖਾਲਸਾਈ ਸਿੱਖਾਂ ਨੂੰ ਹਰ ਦਿਸ਼ਾ ਵਿੱਚ ਪੱਤਰ ਭੇਜੇ, ਜਿਨ੍ਹਾਂ ਵਿੱਚ ਲਾਹੌਰ ਸੂਬੇਦਾਰ ਦੀ ਧੋਖੇਬਾਜ਼ ਯੋਜਨਾਵਾਂ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਦੀਵਾਲੀ ਤੇ ਨਾ ਆਉਣ ਦੀ ਗੱਲ ਆਖੀ ਗਈ।

**ਨੀਤੀ ਸਮਝ ਤੁਰਕ ਕੀ ਲਈ, ਲਿਖ ਪਾਤੀਆਂ ਸਿੱਖਨ ਦਈ,**
**ਕਲਗੀਧਰ ਇਮ ਮੁੱਖ ਥੀਂ ਕਹਯੋ, ਹਮ ਕੋ ਬੀਚ ਖਾਲਸੇ ਲਹਯੋ,**
**ਤਾਹੀਯੋ ਕਹਯੋ ਰੂਪ ਹੈ ਖਾਸ, ਖਾਲਸੇ ਮੈਂ ਹਉਂ ਕਰੋ ਨਿਵਾਸ,**
**ਇਸ ਲਈ ਹਮ ਨੈ ਦਰਸ਼ਨ ਹੇਤ, ਰਚਿਓ ਪੁਰਬ ਦੀਵਾਲੀ ਕੇਤ,**
**ਨਹੀਂ ਅਕਾਲ ਕੋ ਇਹ ਹੈ ਭਾਵੈ, ਦਰਸ਼ਨ ਦੇਨ ਖਾਲਸਾ ਆਵੈ,**
**ਕਛੁਕ ਸਮਾਂ ਅਬ ਹੋਰ ਲਗੈਗਾ, ਪਾਪ ਨਾਸ਼ ਹੋ ਧਰਮ ਜਗੈਗਾ,**
**ਹੈ ਕਰਤਾਰ ਕੋ ਇਮ ਹੀ ਭਾਨਾ, ਰਾਜ ਖਾਲਸਾ ਕਰੈ ਮਹਾਨਾ,**
**ਸੇਵਾ ਹਰੀ ਮਨੀ ਸਿੰਘ ਬੀਰ, ਇਮ ਸਿੰਘਨ ਕੋ ਦੀ ਹੈ ਧੀਰ।**

**ਮਨੀ ਸਿੰਘ ਸਮ ਜਗਤ ਮੇਂ, ਦੂਸਰ ਹੋਆ ਨ ਕੋਇ,**
**ਖਾਤਰ ਪਰਉਪਕਾਰ ਜਹਿ, ਪ੍ਰਾਨ ਦੀਏ ਹੈ ਖੋਇ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਇਸ ਲਈ ਦੀਵਾਲੀ ਲਈ ਕੋਈ ਖ਼ਾਲਸਾ ਸਿੱਖ ਅੰਮ੍ਰਿਤਸਰ ਸਾਹਿਬ ਨਹੀਂ ਆਇਆ। ਨੇੜਲੇ ਇਲਾਕਿਆਂ ਤੋਂ ਸਿਰਫ ਗੈਰ-ਖਾਲਸਾ ਸਿੱਖ ਆਏ ਸਨ। ਮਨੀ ਸਿੰਘ ਜੀ ਨੇ ਤਿਉਹਾਰ ਮੌਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦੀਵਾਨ ਸਜਾਏ ਪਰ ਬਹੁਤ ਘੱਟ ਸੰਗਤ ਆਈ। ਸਥਾਨਕ ਗ਼ੈਰ-ਖਾਲਸਾਈ ਸਿੱਖ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਏ ਸਨ ਅਤੇ ਕੋਈ ਵੀ ਖਾਲਸਾਈ ਜੰਗੀ ਸਿੱਖ ਜਾਂ ਯੋਧਾ ਸਿੱਖ ਨਹੀਂ ਆਇਆ ਸੀ।

**ਪੂਰਬ ਦੀਵਾਲੀ ਕਾ ਜਬ ਆਯੋ, ਮਨੀ ਸਿੰਘ ਦੀਵਾਨ ਸਜਾਯੋ,**
**ਨੇੜ ਤੇੜ ਥੀ ਸੰਗਤ ਆਵੈ, ਦਰਸ਼ਨ ਕਰ ਵਾਪਸ ਹੋ ਜਾਵੈ,**
**ਜੰਗੀ ਸਿੰਘ ਨਹਿ ਆਯੋ ਕੋਇ।**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਦੀਵਾਲੀ ਤੋਂ ਬਾਅਦ, ਲਾਹੌਰ ਦੇ ਸੂਬੇਦਾਰ ਨੇ ਦੀਵਾਨ ਮਨੀ ਸਿੰਘ ਜੀ ਨੂੰ ਦਸ ਹਜ਼ਾਰ ਰੁਪਏ ਦੀ ਅਦਾਇਗੀ ਸੰਬੰਧੀ ਪੱਤਰ ਲਿਖਿਆ। ਦੀਵਾਨ ਮਨੀ ਸਿੰਘ ਜੀ ਨੇ

ਆਪਣੇ ਸਿੰਘਾਂ ਨੂੰ, ਸੂਬੇਦਾਰ ਨਾਲ ਗੱਲਬਾਤ ਕਰਨ ਲਈ ਭੇਜਿਆ। ਦੀਵਾਨ ਮਨੀ ਸਿੰਘ ਜੀ ਦਾ ਸੂਬੇਦਾਰ ਨੂੰ ਸੰਦੇਸ਼ ਇਹ ਸੀ ਕਿ, ਸੂਬੇਦਾਰ ਨੂੰ ਖਾਲਸਾਈ ਸਿੱਖਾਂ ਨੂੰ ਹਰਿਮੰਦਰ ਸਾਹਿਬ ਪਹੁੰਚਣ ਤੋਂ ਰੋਕਣਾ ਨਹੀਂ ਚਾਹੀਦਾ ਹੈ। ਇਹ ਸੂਬੇਦਾਰ ਦੁਆਰਾ ਧੋਖਾ ਹੋ ਰਿਹਾ ਹੈ। ਨਿਰਧਾਰਤ ਰਕਮ ਦੀ ਅਦਾਇਗੀ ਉਦੋਂ ਕੀਤੀ ਜਾ ਸਕਦੀ ਹੈ ਜਦੋਂ ਸੂਬੇਦਾਰ ਖਾਲਸਾਈ ਸਿੱਖਾਂ ਨੂੰ ਵਿਸਾਖੀ ਦੇ ਤਿਉਹਾਰ ਤੇ ਹਰਿਮੰਦਰ ਆਉਣ ਵਿੱਚ ਰੁਕਾਵਟ ਨਹੀਂ ਪੈਦਾ ਕਰੇਗਾ।

**ਮਨੀ ਸਿੰਘ ਇਮ ਬੀਰ ਨੇ, ਮੇਲਾ ਦੀਯੋ ਲੰਘਾਇ,**
**ਲਿਖਿਆ ਸੂਬੇ ਖਾਨ ਕਾ, ਗਯਾ ਲਾਹੌਰੋਂ ਆਇ,**
**ਗੈਲ ਸਿੰਘਾਂ ਦੇ ਮਨੀ ਸਿੰਘ, ਕੀਤੀ ਇਹ ਬੀਚਾਰ,**
**ਨਿਗਹ ਖਾਨ ਕੀ ਅਸਾਂ ਤੇ, ਰਹਿਆ ਤੁਰਕ ਝਖ ਮਾਰ,**

**॥ ਚੌਪਈ ॥**

**ਕਰ ਮਸਲਤ ਇਮ ਬਾਤ ਠਹਿਰਾਈ, ਸਿੰਘ ਭੂਪਤ ਕੋ ਭੇਜੋ ਭਾਈ,**
**ਗੈਲ ਸਿੰਘ ਗੁਲਜਾਰਾ ਜਾਵੈ, ਹਮਰੀ ਤਰਫੋਂ ਇਹੋ ਅਲਾਵੈ,**
**ਸੰਗਤ ਘਨੀ ਨਹੀਂ ਜੋ ਆਈ, ਚੜ੍ਹਤਲ ਹੋਈ ਬਹੁਤ ਸਵਾਈ,**
**ਇਸ ਤੇ ਕਾਜ ਸਉਰਦਾ ਨਾਹਿ, ਪੁਰਬ ਵਿਸਾਖੀ ਬਾਅਦ ਪਹੁੰਚਾਹਿ,**
**ਦਿਲ ਸੇ ਤਿਆਗੋ ਕੁਟਲਤਾਈ, ਜਾਲ ਤਾਨ ਲਾਈ ਜੋ ਫਾਹੀ,**
**ਜੇ ਕਰ ਇਸੀ ਤਰਾਂ ਹੈ ਕਰਨਾ, ਪੈਸਾ ਅਸਾਂ ਕਹਾਂ ਤੇ ਭਰਨਾ**

**(ਪੰਡਿਤ ਭੱਟ ਸੇਵਾ ਸਿੰਘ ਜੀ)**

ਲਾਹੌਰ ਦੇ ਸੂਬੇਦਾਰ, ਖਾਨ ਬਹਾਦਰ ਨੇ ਕੁਰਾਨ ਦੀ ਸਹੁੰ ਖਾਧੀ ਕਿ ਉਹ ਸਿੱਖਾਂ ਨਾਲ ਸ਼ਾਂਤੀ ਚਾਹੁੰਦਾ ਹੈ। ਬੇਈਮਾਨ ਸੂਬੇਦਾਰ ਕਾਜ਼ੀ ਬੁਲਾ ਲਿਆਇਆ ਅਤੇ ਕੁਰਾਨ 'ਤੇ ਹੱਥ ਰੱਖਦਿਆਂ ਕਿਹਾ ਕਿ ਉਹ ਖਾਲਸੇ ਅਤੇ ਸਿੱਖਾਂ ਨਾਲ ਸ਼ਾਂਤੀ ਚਾਹੁੰਦਾ ਹੈ। ਦੀਵਾਨ ਮਨੀ ਸਿੰਘ ਜੀ ਲਾਹੌਰ ਦੇ ਸੂਬੇਦਾਰ ਨੂੰ ਸੱਪ ਵਾਂਗ ਨਹੀਂ ਪਾਲਣਾ ਚਾਹੁੰਦੇ ਸਨ,ਕਿਉਂਕਿ ਇਨ੍ਹਾਂ ਮੁਗਲਾਂ ਨੇ ਨਿਰੰਤਰ ਝੂਠੇ ਵਾਅਦੇ ਕੀਤੇ ਸਨ।

**ਲਿਖ ਦੇਵੇਂ ਹਮ ਸਭ ਕੈ ਤਾਈ। ਗੈਲ ਖਾਲਸੇ ਮੇਲ ਰਖਾਈ।**
**ਕਸਮ ਕੁਰਾਨ ਮੈਂ ਸੱਚ ਕਹਿਹੌਂ। ਅਮਨ ਦੇਸ ਮਹਿ ਹਮ ਸਭ ਚਹਿਹੌਂ।**
**ਇਮ ਬਾਤੈਂ ਮੀਠੀ ਉਨ ਕਹੀ। ਛੁਰੀ ਬਗਲ ਮੁਖ ਰਾਮ ਹੈ ਲਈ।**
**ਸੇਵਾ ਹਰੀ ਜਿਸ ਵਲ ਹੈ ਆਪ। ਲਗੋ ਉਨ੍ਹ ਨਹਿ ਦੁਖ ਸੰਤਾਪ। 176।**

॥ ਦੋਹਰਾ ॥

**ਅਟਪਟ ਬਾਤੈ ਬਹੁ ਕਰੀ, ਸੂਬੇ ਸਿੰਘਨ ਸਾਥ॥**
**ਸੱਦ ਕਾਜੀ ਤੋਬਾ ਕਰੀ, ਰੱਖ ਕੁਰਾਨ ਤੇ ਹਾਥ। 177।**
**ਸਾਂਪ ਬਿਖ ਕੋ ਨਹਿ ਤਜੈ, ਮਨੀਏ ਦੁਧ ਪੀਆਇ।**
**ਤੈਸੇ ਵੈਰੀ ਮਿਤ ਨਹ, ਲਾਖੋਂ ਕਸਮ ਉਠਾਇ। 178।**

(ਪੰਡਿਤ ਭੱਟ ਸੇਵਾ ਸਿੰਘ ਜੀ)

## ਵਿਸਾਖੀ ਦਾ ਦਿਨ ਆਇਆ

ਦੋਵੇਂ ਸਿੰਘ ਵਾਪਸ ਰਾਮਦਾਸਪੁਰ (ਅੰਮ੍ਰਿਤਸਰ ਦਾ ਪੁਰਾਣਾ ਨਾਮ) ਆ ਗਏ, ਜਿਨ੍ਹਾਂ ਨੂੰ ਦੀਵਾਨ ਮਨੀ ਸਿੰਘ ਜੀ ਨੇ ਲਾਹੌਰ ਦੇ ਸੂਬੇਦਾਰ ਨਾਲ ਗੱਲਬਾਤ ਕਰਨ ਲਈ ਭੇਜਿਆ ਸੀ। ਸਿੰਘਾਂ ਨੇ ਸਾਰੀ ਕਾਰਵਾਈ ਮਨੀ ਸਿੰਘ ਜੀ ਨੂੰ ਦੱਸੀ। ਦੀਵਾਨ ਮਨੀ ਸਿੰਘ ਜੀ ਨਿਰਭਉ ਸਨ ਅਤੇ ਕੁਰਾਨ ਬਾਰੇ ਸੂਬੇਦਾਰ ਖਾਨ ਬਹਾਦਰ ਦੀਆਂ ਝੂਠੀਆਂ ਸੁੰਹਾਂ ਖਾਣ ਦਾ ਕਿਸੇ ਵੀ ਤਰ੍ਹਾਂ ਨਾਲ ਯਕੀਨ ਨਹੀਂ ਸੀ ਕਰਦੇ ਜਾਪਦੇ।

**ਦੋਵੇਂ ਦੀਰਘ ਸੂਰਮੇ, ਪਹੁੰਚੇ ਪੁਰ ਰਾਮ ਦਾਸ,**
**ਸਕਲ ਸੁਣਾਈ ਬਾਰਤਾ, ਮਨੀ ਸਿੰਘ ਕੈ ਪਾਸ,**
**ਮਨੀ ਸਿੰਘ ਨਿਰਭਉ ਸੀ, ਭੈ ਨਾ ਮਨ ਮਹਿ ਕਾਇ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਪੰਜ ਮਹੀਨਿਆਂ ਬਾਅਦ, ਵਿਸਾਖੀ ਦਾ ਦਿਨ ਆਇਆ ਅਤੇ ਖ਼ਾਲਸੇ ਸਿੱਖ ਹਰਿਮੰਦਰ ਨਹੀਂ ਆਏ, ਕਿਉਂਕਿ ਦੀਵਾਨ ਮਨੀ ਸਿੰਘ ਜੀ ਅਤੇ ਬਾਕੀ ਖਾਲਸਾ ਸਿੱਖ ਧੋਖੇਬਾਜ਼ ਸੂਬੇਦਾਰ ਨੂੰ ਚੰਗੀ ਤਰ੍ਹਾਂ ਜਾਣਦੇ ਸਨ, ਜੋ ਕਿ ਤਿਉਹਾਰ ਵਾਲੇ ਦਿਨ ਖਾਲਸਾਈ ਸਿੱਖਾਂ ਨੂੰ ਧੋਖੇ ਨਾਲ ਮਾਰਨ ਦੀ ਵਿਉਂਤਬੰਦੀ ਕਰ ਰਿਹਾ ਸੀ।

**ਪੰਚ ਮਾਸ ਕਾ ਸਮਾ ਇਮ, ਬੀਤ ਗਯੋ ਥੀ ਆਹਿ,**
**ਪੂਰਬ ਵਿਸਾਖੀ ਕਾ ਲਗਯੋ, ਚੱਕ ਗੁਰੂ ਕੇ ਮਾਹਿ,**
**ਦੂਰੋਂ ਨੇੜਿਯੋਂ ਸੰਗਤਾਂ, ਕਰਨ ਲਈ ਦਿਦਾਰ,**
**ਜੰਗੀ ਸਿੰਘ ਨਹਿ ਕੋ ਆਯੋ, ਗੁਰੂ ਰਾਮ ਦਾਸ ਦਰਬਾਰ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਸੋ ਬਹਾਦਰ ਅਤੇ ਨੈਤਿਕ ਮਨੀ ਸਿੰਘ ਜੀ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾ, ਲਾਹੌਰ ਦੇ ਸੂਬੇਦਾਰ ਨੂੰ ਇੱਕ ਵੀ ਖਾਲਸਾਈ ਸਿੱਖ ਨੂੰ ਨੁਕਸਾਨ ਨਹੀਂ ਪਹੁੰਚਾਉਣ ਦਿੱਤਾ।

### ਅਧਿਆਇ 20

# ਦੀਵਾਨ ਮਨੀ ਸਿੰਘ ਜੀ ਨੂੰ ਸੂਬੇਦਾਰ ਲਾਹੌਰ ਦੁਆਰਾ ਬੰਦੀ ਬਣਾਏ ਜਾਣਾ

ਦੀਵਾਨ ਮਨੀ ਸਿੰਘ ਜੀ ਜਾਣਦੇ ਸਨ ਕਿ ਸੂਬੇਦਾਰ ਲਾਹੌਰ, ਖਾਨ ਬਹਾਦਰ ਦੀਆਂ ਫੌਜਾਂ ਕਿਸੇ ਵੀ ਸਮੇਂ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਲਈ ਆਉਣਗੀਆਂ। ਮਨੀ ਸਿੰਘ ਜੀ ਕਿਸੇ ਵੀ ਤਰ੍ਹਾਂ ਨਾਲ ਤੁਰਕਾਂ (ਮੁਗਲਾਂ) ਦੀ ਹਕੂਮਤ ਮੰਨਣ ਲਈ ਤਿਆਰ ਨਹੀਂ ਸਨ। ਇਸ ਬਾਰੇ ਰਾਜਪੂਤ ਸਿੱਖਾਂ ਦੇ ਰਾਏ ਭੱਟ ਇਸ ਤਰ੍ਹਾਂ ਲਿਖਦੇ ਹਨ—

**ਭਾਈ ਸਾਹਿਬ ਇਮ ਕਹਯੋ ਅਲਾਈ, ਹਮਰਾ ਸਮਾਂ ਪਹੁੰਚਯੋ ਆਈ,**
**ਧਰਮ ਹੇਤ ਹਮ ਦੇਹੈਂ ਪ੍ਰਾਨ, ਨਹੀਂ ਤੁਰਕ ਕੀ ਮਾਨੈ ਕਾਨ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਇਲਾਕੇ ਦੇ ਸ਼ਰਾਰਤੀ ਅਨਸਰ ਜੋ ਖਾਲਸੇ ਦੀ ਤਾਕਤ ਨਾਲ ਈਰਖਾ ਕਰਦੇ ਸਨ। ਕਾਜ਼ੀਆਂ ਨਾਲ ਰਲ੍ਹ ਕੇ ਸਭ ਨੇ ਸੂਬੇਦਾਰ ਨੂੰ ਦੀਵਾਨ ਮਨੀ ਸਿੰਘ ਜੀ ਅਤੇ ਉਨ੍ਹਾਂ ਦੇ ਸਰਦਾਰਾਂ 'ਤੇ ਹਮਲਾ ਕਰਨ ਲਈ ਉਕਸਾਇਆ।

**ਚੰਡਾਲ ਚੌਕੜੀ ਰਲ ਸਭੀ, ਕਾਜੀ ਗੈਲ ਰਲਾਇ,**
**ਪਾਸ ਖਾਨ ਦੇ ਪਹੁੰਚ ਕੇ, ਕਹਿੰਦੇ ਇਹ ਸਮਝਾਇ,**
**ਸੱਪ ਬੁਕਲ ਮਹਿ ਪਲ ਰਹੜਾ, ਸਿੰਘਨ ਕਾ ਸਰਦਾਰ,**
**ਬੈਠੇ ਤੁਸੀਂ ਅਵੇਸਲੇ, ਨਹੀਂ ਤੁਸਾਂ ਕੂੰ ਸਾਰ,**
**ਮਨੀ ਸਿੰਘ ਕੋ ਸਮਝੋ ਐਸ, ਸੱਯਦ ਹੈ ਤੁਰਕਨ ਮੈ ਜੈਸ,**
**ਜਥੇਦਾਰ ਇਹ ਸਿੰਘਨ ਕੇਰਾ, ਹਮ ਨੇ ਕਈ ਵਾਰ ਹੈ ਹੇਰਾ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਰਾਏ ਭੱਟ ਦਾ ਜ਼ਿਕਰ ਹੈ ਕਿ, ਦੀਵਾਨ ਮਨੀ ਸਿੰਘ ਜੀ ਨੂੰ ਖ਼ਾਲਸੇ ਸਰਦਾਰਾਂ ਦਾ ਆਗੂ ਮੰਨਿਆ ਜਾਂਦਾ ਸੀ। ਖਾਲਸੇ ਸਰਦਾਰਾਂ ਨੂੰ ਉਸ ਸਮੇਂ ਦੇ ਗ੍ਰੰਥਾਂ ਵਿੱਚ 'ਸਿੰਘ' ਵੀ ਲਿਖਿਆ ਜਾਂਦਾ ਸੀ। ਭੱਟ ਸਾਹਿਬਾਨ ਦੱਸਦੇ ਹਨ ਕਿ ਲਾਹੌਰ ਦਰਬਾਰ ਵਿੱਚ ਇਹ ਗੱਲ ਚੱਲ ਰਹੀ ਸੀ ਕਿ ਮਨੀ ਸਿੰਘ ਜੀ ਸਿੰਘਾਂ ਵਿੱਚ ਇਸ ਤਰ੍ਹਾਂ ਹੀ ਹਨ, ਜਿਵੇਂ 'ਤੁਰਕਾਂ ਵਿੱਚ

ਸੱਯਦ' ਹਨ। ਸੱਯਦਾਂ ਨੂੰ ਮੁਸਲਮਾਨਾਂ/ਤੁਰਕਾਂ ਵਿੱਚ ਸਭ ਤੋਂ ਉੱਚੀ ਜਾਤ ਮੰਨਿਆ ਜਾਂਦਾ ਹੈ। ਮਨੀ ਸਿੰਘ ਜੀ ਇੱਕ ਉੱਚ ਕੁਲ ਦੇ ਰਾਜਪੂਤ ਰਾਜ ਪਰਿਵਾਰ ਵਿੱਚੋਂ ਸਨ। ਰਾਏ ਭੱਟ ਦੀਆਂ ਲਿਖਤਾਂ ਅਨੁਸਾਰ ਉਸ ਸਮੇਂ ਸਿੱਖਾਂ ਵਿੱਚ ਸਭ ਤੋਂ ਵੱਧ ਉਚਕੁਲੀਨ ਸਰਦਾਰਾਂ ਵਿੱਚੋਂ ਇੱਕ ਹੋਣ ਕਰਕੇ ਦੀਵਾਨ ਮਨੀ ਸਿੰਘ ਜੀ ਮਸ਼ਹੂਰ ਸਨ। ਇਸ ਲਈ ਉਹਨਾਂ ਨੂੰ 'ਸੱਯਦ ਹੈ ਤੁਰਕਨ ਮੈਂ ਜੈਸ' ਦੇ ਰੂਪ ਵਿੱਚ ਲਿਖਿਆ ਗਿਆ ਹੈ। ਉਨ੍ਹੀਂ ਦਿਨੀਂ ਪ੍ਰਮੁੱਖ ਸਿੱਖ ਸਿਰਫ ਅਖੌਤੀ ਉੱਚ ਜਾਤੀਆਂ ਜਿਵੇਂ ਰਾਜਪੂਤਾਂ, ਖੱਤਰੀਆਂ ਅਤੇ ਬ੍ਰਾਹਮਣਾਂ ਵਿੱਚੋਂ ਹੀ ਹੁੰਦੇ ਸਨ। ਅੰਗਰੇਜ਼ਾਂ ਨੇ ਜਦੋਂ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਤਾਂ ਇਹ ਰੁਝਾਨ ਬਿਲਕੁਲ ਉਲਟ ਗਿਆ।

ਸੋ ਦੀਵਾਨ ਮਨੀ ਸਿੰਘ ਜੀ ਦੇ ਅਨੁਮਾਨ ਮੁਤਾਬਕ ਸੂਬੇਦਾਰ ਖ਼ਾਨ ਬਹਾਦਰ ਦੀਆਂ ਫੌਜਾਂ ਨੇ, ਅੰਮ੍ਰਿਤਸਰ ਸਾਹਿਬ ਉੱਤੇ ਹਮਲਾ ਕਰ ਦਿੱਤਾ। ਦੀਵਾਨ ਮਨੀ ਸਿੰਘ ਜੀ ਅਤੇ ਹੋਰ ਨਾਮਵਰ ਖ਼ਾਲਸਾਈ ਸਿੱਖ ਜਰਨੈਲਾਂ ਨੂੰ ਦਰਬਾਰ ਸਾਹਿਬ ਤੋਂ ਫੜ ਕੇ ਲਾਹੌਰ ਦਰਬਾਰ ਲਿਜਾਇਆ ਗਿਆ।

**ਚੜ੍ਹੀ ਫੌਜ ਤੁਰਕਾਨ ਕੀ, ਮਾਰੋ ਮਾਰ ਪੁਕਾਰ,**
**ਪਹੁੰਚ ਚੌਤਰਫ਼ੀਂ ਘੇਰਿਆ, ਗੁਰੂ ਰਾਮ ਦਾਸ ਦਰਬਾਰ,**
**ਮਨੀ ਸਿੰਘ ਥੀਂ ਆਦ ਲੈ, ਨਾਮੀ ਨਾਮੀ ਬੀਰ,**
**ਫੜ ਲੈ ਗਏ ਲਾਹੌਰ ਮੈਂ, ਖਾਨ ਬਹਾਦਰ ਤੀਰ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਜ਼ਾਲਮ ਸੂਬੇਦਾਰ ਖਾਨ ਬਹਾਦਰ ਨੇ ਦਰਬਾਰ ਸਾਹਿਬ ਹੀ ਨਹੀਂ ਬਲਕਿ ਅੰਮ੍ਰਿਤਸਰ ਸਾਹਿਬ ਦੇ ਆਸ-ਪਾਸ ਦੇ ਇਲਾਕਿਆਂ ਤੋਂ ਵੀ ਸਾਰੇ ਸਿੱਖ ਅਤੇ ਖ਼ਾਲਸੇ ਨੂੰ ਕਾਬੂ ਕਰ ਲਿਆ। ਬੇਰਹਿਮ ਸੂਬੇਦਾਰ ਨੇ ਸਿੱਖ ਬੱਚਿਆਂ ਅਤੇ ਬਜ਼ੁਰਗਾਂ ਨੂੰ ਵੀ ਨਹੀਂ ਬਖਸ਼ਿਆ।

**ਜਿਤਕ ਸਿੰਘ ਸੀ ਪੁਰ ਰਾਮਦਾਸ, ਰਹਿੰਦੇ ਚੱਕ ਮਨੀ ਸਿੰਘ ਪਾਸ,**
**ਲਿਆਏ ਪਕੜ ਸਭਨ ਕੇ ਤਾਈ, ਬਾਲ ਬਿਰਧ ਨਹਿ ਛੋੜਿਯੋ ਕਾਈ,**
**ਪੁਨ ਸਬ ਲੂਟ ਲੀਆ ਥੀ ਡੇਰਾ, ਅਪਨਾ ਨਹੀਂ ਬਿਗਾਨਾ ਹੇਰਾ,**
**ਨੇੜ ਤੇੜਿਯੋਂ ਸਬ ਫੜ ਆਂਦੇ, ਸਿੱਖ ਗੁਰੂ ਕੇ ਜੋ ਅਖਵਾਂਦੇ,**
**ਬੰਦੀ ਖਾਨੇ ਬੰਦ ਕਰਾਇ, ਸੂਬੇ ਖਾਨ ਬਹਾਦਰ ਆਇ,**
**ਸੇਵਾ ਹਰੀ ਥੀ ਹਾਹਾਕਾਰ ਮੱਚ ਗਈ ਬੀਚ ਸਾਰੇ ਸੰਸਾਰ।**

(ਪੰਡਿਤ ਭੱਟ ਸੇਵਾ ਸਿੰਘ ਜੀ)

**ਸੁਖਾ ਸਿੰਘ ਥੀ ਆਦਿ ਸਿੱਖ, ਜਿਤਕ ਪੰਜਾਬੇ ਮਾਹਿ,**
**ਛੋਰ ਗਏ ਸਬ ਦੇਸ ਕੋ, ਪੁਰ ਜੈ ਤਰਫ ਸਿਧਾਇ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਭੱਟ ਸਾਹਿਬਾਨ ਦੇ ਇਹ ਵਾਕ, ਇਹ ਦਰਸਾਉਂਦੇ ਹਨ ਕਿ ਪੰਜਾਬ ਦੇ ਕੁੱਝ ਖਾਲਸਾ ਸਿੱਖ ਸਰਦਾਰ ਪਨਾਹ ਲਈ ਜੈਪੁਰ ਵੱਲ ਚਲੇ ਗਏ ਸਨ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਜੈਪੁਰ ਦੇ ਕਛਵਾਹਾ ਰਾਜਪੂਤ ਰਾਜੇ ਖਾਲਸਾ ਸਿੱਖ ਸਰਦਾਰਾਂ ਨਾਲ ਚੰਗੇ ਸੰਬੰਧ ਰੱਖਦੇ ਸਨ। ਇਹ ਪਹਿਲਾਂ ਵੀ ਸਾਬਤ ਹੋਇਆ ਸੀ, ਜਦੋਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਜੈਪੁਰ ਦੇ ਰਾਜੇ ਦੁਆਰਾ ਦਿੱਲੀ ਵਿੱਚ ਰਹਿਣ ਲਈ ਬੰਗਲਾ ਦਿੱਤਾ ਗਿਆ ਸੀ, ਜਿੱਥੇ ਅੱਜ ਗੁਰੁਦੁਆਰਾ ਬੰਗਲਾ ਸਾਹਿਬ ਸੁਸ਼ੋਭਿਤ ਹੈ।

❐

## ਅਧਿਆਇ 21

# ਸ਼ਹਾਦਤ

ਦੀਵਾਨ ਮਨੀ ਸਿੰਘ ਜੀ, ਅਲੀਪੁਰ ਰਿਆਸਤ ਦੇ ਰਾਜਪੂਤ ਰਾਜਕੁਮਾਰ, ਜੋ ਹੁਣ ਤਕ ਬਹੁਤ ਬਜ਼ੁਰਗ ਹੋ ਗਏ ਸਨ, ਅਜੇ ਤੱਕ ਵੀ ਨਿਡਰ ਸਨ ਅਤੇ ਬੰਦੀਖਾਨੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਰੁਜ਼ਾਨਾ ਕਥਾ ਕਰਿਆ ਕਰਦੇ ਸਨ,ਤਾਂ ਜੋ ਨਾਲ ਦੇ ਬੰਦੀ ਖਾਲਸਾਈ ਸਿੱਖ ਸਰਦਾਰਾਂ ਦੇ ਮਨੋਬਲ ਨੂੰ ਉਤਾਸ਼ਾਹਤ ਕੀਤਾ ਜਾ ਸਕੇ।

**ਬੰਦੀ ਖਾਨੇ ਮਨੀ ਸਿੰਘ, ਕਥਾ ਸੁਣਾਵੈ ਨਿੱਤ,**

**ਹੋਣੀ ਵਰਤੈ ਸਬਸ ਪੈ, ਕੋਇ ਨਹਿ ਇਸ ਕਾ ਮਿੱਤ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਸੂਬੇਦਾਰ ਖਾਨ ਬਹਾਦਰ ਨੇ ਦੀਵਾਨ ਮਨੀ ਸਿੰਘ ਜੀ ਨੂੰ ਬੁਲਾਇਆ ਅਤੇ ਕਿਹਾ; ਕਿ ਸਾਰਾ ਦਲ ਖਾਲਸਾ ਤੁਹਾਡੇ ਅਸਥਾਨ ਤੇ ਰੋਜ਼ਾਨਾ ਆਉਂਦਾ ਹੈ। ਤੁਹਾਡੇ ਕੋਲ ਖਾਲਸਾ ਸਿੱਖ ਸਰਦਾਰਾਂ ਦੇ ਠਿਕਾਣਿਆਂ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਤੁਸੀਂ ਸਾਨੂੰ ਖਾਲਸਾ ਸਰਦਾਰਾਂ ਦੇ ਠਿਕਾਣਿਆਂ ਬਾਰੇ ਜਾਣਕਾਰੀ ਦੇ ਦੇਉ ਅਤੇ ਅਸੀਂ ਤੁਹਾਡੀ ਜ਼ਿੰਦਗੀ ਬਖਸ਼ ਦੇਆਂਗੇ।

**ਖਾਨ ਬਹਾਦਰ ਲਾਇ ਕਚਹਿਰੀ, ਮੰਦ ਮੱਤ ਦੁਸ਼ਟ ਅਤਿ ਜਹਰੀ,**

**ਰਈਯਤ ਦੁਖੀਆ ਇਸ ਸੇ ਸਾਰੀ, ਜ਼ਾਲਮ ਅਸਲਮ ਖਾਂ ਸੇ ਭਾਰੀ,**

**ਬੰਦੀ ਖਾਨੇ ਭੇਜ ਹਕਾਰਾ, ਜਥਾ ਬੁਲਾਯੋ ਸਿੱਖਨ ਸਾਰਾ,**

**ਮਨੀ ਸਿੰਘ ਕੀ ਇਸ ਤਬ ਹੇਰ, ਕਹੀ ਮੁੱਖ ਕਿਉਂ ਲਾਈ ਦੇਰ,**

**ਸਬੀ ਖਾਲਸਾਂ ਥਾਰੈ ਡੇਰੈ, ਆਵੈ ਆਥਣ ਸੰਝ ਸਵੇਰੈ,**

**ਸੇਵਾ ਹਰੀ ਦੇ ਉਨ ਪਕੜਾਈ, ਨਹੀਂ ਤਾਂ ਸ਼ਾਮਤ ਤੇਰੀ ਆਈ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਦੀਵਾਨ ਮਨੀ ਸਿੰਘ ਜੀ ਨੇ, ਗਰਜਦੀ ਆਵਾਜ਼ ਵਿੱਚ ਸੂਬੇਦਾਰ ਲਾਹੌਰ, ਖਾਨ ਬਹਾਦਰ ਨੂੰ ਜਵਾਬ ਦਿੱਤਾ ਕਿ ਤੁਸੀਂ ਝੂਠੇ ਅਤੇ ਧੋਖੇਬਾਜ਼ ਹੋ ਸਕਦੇ ਹੋ, ਜਿਸਨੇ ਕੁਰਾਨ ਦੀ ਝੂਠੀ ਸਹੁੰ ਖਾਧੀ। ਪਰ ਇੱਕ ਸਿੰਘ ਲਈ ਧੋਖੇਬਾਜ਼ ਬਣਨਾ ਅਸੰਭਵ ਹੈ। ਇੱਕ ਸਿੰਘ

ਨੂੰ ਟੁਕੜਿਆ ਵਿੱਚ ਤਾਂ ਕੱਟਿਆ ਜਾ ਸਕਦਾ ਹੈ, ਪਰ ਝੂਠ ਬੋਲ ਕੇ ਦਗਾ ਦੇਣ ਵਾਲਾ ਕਦੇ ਨਹੀਂ ਬਣਾਇਆ ਜਾ ਸਕਦਾ।

**ਮਨੀ ਸਿੰਘ ਤਬ ਇਮ ਕਹਿਯੋ : ਸੁਣੋ ਬਹਾਦਰ ਖਾਨ!**
**ਨਿਸ ਦਿਨ ਬੋਲੋਂ ਝੂਠ ਤਉ, ਖਾ ਕੇ ਕਸਮ ਕੁਰਾਨ,**
**ਝੂਠ ਬੋਲਣਾ ਖਾਨ ਜੀ! ਨਹਿ ਸਿੰਘਨ ਕਾ ਕਾਮ,**
**ਕੱਟ ਜਾਏ ਅੰਗ ਅੰਗ ਭੀ, ਦੇਣਾ ਦਗਾ ਹਰਾਮ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਦੀਵਾਨ ਮਨੀ ਸਿੰਘ ਜੀ ਤੋਂ ਬਾਅਦ, ਹੋਰ ਪ੍ਰਮੁੱਖ ਖਾਲਸਾ ਸਿੱਖ ਸਰਦਾਰਾਂ ਨੇ ਭਰੇ ਦਰਬਾਰ ਵਿੱਚ ਖਾਨ ਬਹਾਦਰ ਨੂੰ ਜਵਾਬ ਦਿੱਤਾ। ਗੁਲਜ਼ਾਰ ਸਿੰਘ ਜੀ ਨੇ ਕਿਹਾ ਕਿ ਇੱਕ ਸਿੰਘ ਆਪਣੀ ਚਮੜੀ ਤੋਂ ਵੱਖ ਹੋ ਸਕਦਾ ਹੈ, ਪਰ ਕਦੇ ਧੋਖਾ ਨਹੀਂ ਦੇ ਸਕਦਾ। ਭੂਪਤ ਸਿੰਘ ਜੀ ਨੇ ਕਿਹਾ ਕਿ ਬੁਰਾਈ ਦਾ ਇਹ ਰਾਜ ਅਤੇ ਪਾਪ ਦਾ ਇਹ ਕਿਲ੍ਹਾ ਹੁਣ ਜਲਦੀ ਹੀ ਖਤਮ ਹੋ ਜਾਵੇਗਾ।

**ਭਰੀ ਕਚਹਿਰੀ ਤੁਰਕਨ ਮਾਹਿ, ਮਨੀ ਸਿੰਘ ਤਬ ਕਹਿਆ ਅਲਾਇ :**
**ਝੂਠ ਬੋਲ ਤਵੁ ਦਗਾ ਕਮਾਵੋ, ਨਹਿ ਕਰਣੀ ਤੇ ਤੁਮ ਪਛਤਾਵੋਂ,**
**ਗੈਲੋ ਕਹਿਆ ਤਬ ਸਿੰਘ ਗੁਲਜ਼ਾਰ, ਨਹ ਸਿੰਘਨ ਕੀ ਹੈ ਇਹ ਕਾਰ,**
**ਖਲ ਸਿੰਘ ਕੀ ਲਹਿ ਜੇ ਪੂਠੀ, ਤਉ ਭੀਕਰੇ ਬਾਤ ਨਹਿ ਝੁਠੀ,**
**ਭੂਪਤ ਸਿੰਘ ਕਰ ਆਖੈ ਗਹਿਰੀ, ਬੋਲਯੋ ਸਾਹਵੇਂ ਬੀਚ ਕਚਹਿਰੀ,**
**ਸੁਣੋ ਖਾਨ! ਇਹ ਰਾਜ ਨ ਰਹਿਸੀ, ਕੋਟ ਪਾਪ ਦਾ ਇੱਕ ਦਿਨ ਢਹਿਸੀ,**
**ਸੇਵਾ ਹਰੀ ਇਹੋ ਅਰਦਾਸ, ਦੁਸ਼ਟ ਰਾਜ ਕਾ ਹੋਵੈ ਨਾਸ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਮੌਲਵੀ ਨੂਰ ਅਹਿਮਦ, ਸਮਕਾਲੀ ਪਾਠ ਵਿੱਚ ਲਿਖਦਾ ਹੈ ਕਿ ਗੁਲਜ਼ਾਰ ਸਿੰਘ ਨੂੰ ਇਸਲਾਮ ਕਬੂਲ ਕਰਨ ਲਈ ਵੀ ਕਿਹਾ ਗਿਆ ਸੀ, ਜਿਸ ਤੋਂ ਉਸਨੇ ਸਾਫ ਇਨਕਾਰ ਕਰ ਦਿੱਤਾ ਸੀ।

**ਹਾੜ੍ਹ ਸੁਦੀ ਪੰਚਮ ਥਿਤ ਆਹੀ। ਸਤ੍ਰਹ ਸੈ ਇੱਕਾਨਵੇਂ ਮਾਹੀ।**
**ਜਾਇ ਨਿਖਾਸ ਚੌਂਕ ਕੇ ਬੀਚ। ਸੂਬੇ ਖਾਨ ਬਹਾਦਰ ਨੀਚ,**
**ਪਹਿਲੋਂ ਮਨੀ ਸਿੰਘ ਕੇ ਤਾਈ। ਕਾਜੀ ਫ਼ਤਵਾ ਦੀਯੋ ਸੁਣਾਂਈ।**
**ਤਸੇ ਗੈਲ ਜਲਾਦੈ ਆਏ। ਬੰਦ ਬੰਦ ਦੀਯੇ ਜੁਦਾ ਕਰਾਇ,**

**ਪਿਛੇ ਸਿੰਘ ਗੁਲਜਾਰੇ ਕੇਰੀ। ਪੁੱਠੀ ਖੱਲ ਲਾਹੀ ਬਿਨ ਦੇਰੀ।**
**ਭੂਪਤ ਸਿੰਘ ਕੀ ਆਂਖ ਕਢਾਇ। ਫੇਰ ਚਰਖੜੀ ਦੀਯੋ ਚਢਾਇ।**
**ਜਹਾਂ ਭਯੋ ਇਹ ਸਾਕਾ ਭਾਰੀ। ਖ਼ਲਕਤ ਦੇਖਣ ਆਈ ਸਾਰੀ।**
**ਸੇਵਾ ਹਰੀ ਜਿਤਕ ਸਿੰਘ ਔਰ। ਕਰੈ ਸ਼ਹੀਦ ਦੁਸ਼ਟ ਤਿਹ ਠੌਰ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਇਸ ਮਹਾਨ ਸ਼ਹਾਦਤ ਬਾਰੇ ਇਹ ਸਮਕਾਲੀ ਇੰਦਰਾਜ ਮਿਲਦੇ ਹਨ—

ਮਨੀ ਸਿੰਘ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ......ਸ਼ਾਹੀ ਹੁਕਮ ਗੈਲ ਅਸਾਢ ਸੁਦੀ ਪੰਚਮੀ ਸੰਬਤ 1791 ਕੋ ਲਾਹੌਰ ਕੇ ਮਲ੍ਹਾਨ 6 ਘੜੀ ਦਿਨ ਚਢੇ ਬੰਦ ਬੰਦ ਕਾਟਾ! ਤੂੰ ਕਾਟ ਆਇਆ, ਗੈਲੋਂ ਜਗਤ ਸਿੰਘ ਬੇਟਾ ਮਾਈ ਦਾਸ ਕਾ, ਚਿਤ੍ਰ ਸਿੰਘ ਬੇਟਾ ਮਨੀ ਸਿੰਘ ਕਾ, ਗੁਰਬਖ਼ਸ਼ ਸਿੰਘ ਬੇਟਾ ਮਨੀ ਸਿੰਘ ਕਾਂ ਮਾਰੇ ਗਏ। ਆਗੇ ਗੁਰੂ ਭਾਨੇ ਕਾ ਖਾਵਿੰਦ, ਗੁਰੂ ਗੁਰੂ ਜਪਨਾ ਜਨਮ ਸਵਰੇਗਾ।

(ਭੱਟ ਸਾਹਿਬਾਨਾਂ ਦੀਆਂ ਖਿਆਤਾਂ)

28 ਜੂਨ 1734 ਨੂੰ ਦੀਵਾਨ ਮਨੀ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ, ਖਾਨ ਬਹਾਦਰ ਨੇ ਹਰਿਮੰਦਰ ਸਾਹਿਬ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ।

**ਖਾਨ ਬਹਾਦਰ ਦੁਸ਼ਟ ਨੇ, ਅੰਮ੍ਰਿਤਸਰ ਗੁਰ ਤਾਲ,**
**ਮਿੱਟੀ ਸਾਥ ਭਰਾਯੋ, ਲਿੱਦ ਚਮ ਹੱਡ ਡਾਲ,**
**ਮਨੀ ਸਿੰਘ ਕੀ ਗਾਥ ਜਿਮ, ਲਿਖੀ ਸੁਣੀ ਥੀ ਆਇ,**
**ਸੇਵਾ ਹਰੀ ਇਸ ਭੱਟ ਨੇ ਦਿੱਤੀ, ਸਭੋ ਸੁਣਾਇ।**

(ਪੰਡਿਤ ਭੱਟ ਸੇਵਾ ਸਿੰਘ ਜੀ)

ਦੀਵਾਨ ਮਨੀ ਸਿੰਘ ਜੀ ਦੀ ਸ਼ਹਾਦਤ ਦਾ ਬਦਲਾ, ਅਲੀਪੁਰ ਰਿਆਸਤ ਤੋਂ ਉਨ੍ਹਾਂ ਦੇ ਪਰਿਵਾਰ ਦੇ ਕੁੰਵਰਾਂ ਵੱਲੋਂ ਦੋਸ਼ੀਆਂ ਨੂੰ ਮਾਰ ਕੇ ਲਿਆ ਗਿਆ।

❒

# ਅਧਿਆਇ 22

# ਦੀਵਾਨ ਮਨੀ ਸਿੰਘ ਜੀ ਸ਼ਹੀਦ ਦਾ ਸਾਹਿਤਕ ਯੋਗਦਾਨ

ਉਨ੍ਹਾਂ ਦਿਨਾਂ ਵਿੱਚ ਸਿੱਖ ਧਰਮ ਗ੍ਰੰਥਾਂ ਨੂੰ ਪੜ੍ਹਨ ਅਤੇ ਲਿਖਣ ਦਾ ਕੰਮ ਸਿਰਫ ਖੱਤਰੀਆਂ, ਰਾਜਪੂਤਾਂ ਅਤੇ ਬ੍ਰਾਹਮਣਾਂ ਵਰਗੀਆਂ ਅਖੌਤੀ ਉੱਚੀਆਂ ਜਾਤੀਆਂ ਦੇ ਸਿੱਖਾਂ ਲਈ ਹੀ ਸੀਮਿਤ ਸੀ। ਇਹ ਪਾਠਕਾਂ ਨੂੰ ਅਜੀਬ ਲੱਗ ਸਕਦਾ ਹੈ, ਪਰ ਉਨ੍ਹਾਂ ਦਿਨਾਂ ਵਿੱਚ ਖਾਲਸੇ ਦੇ ਸਾਰੇ ਸਮੂਹਾਂ ਨੂੰ ਅਧਿਐਨ ਕਰਨ ਦੀ ਆਗਿਆ ਨਹੀਂ ਸੀ। ਇਹ ਸਹੀ ਹੈ ਜਾਂ ਗਲਤ, ਅਸੀਂ ਇਹ ਨਹੀਂ ਕਹਿ ਸਕਦੇ, ਸਾਡਾ ਕੰਮ ਸਿਰਫ ਤੱਥਾਂ ਨੂੰ ਪਾਠਕਾਂ ਦੇ ਸਾਹਮਣੇ ਰੱਖਣਾ ਹੈ। ਜਿੱਥੇ ਪੁਰਾਤਨ ਸਿੱਖ ਇਤਿਹਾਸ ਵਿੱਚ ਚਹੁੰ ਵਰਣਾਂ ਦੇ ਸਿੱਖਾਂ ਨੂੰ ਸ਼ਸਤਰਧਾਰੀ ਅਤੇ ਸਮਾਨ ਬਣਾਇਆ ਗਿਆ ਹੈ, ਉੱਥੇ ਹੀ ਪੜ੍ਹਨ ਲਿਖਣ ਦੇ ਮਾਮਲੇ ਵਿੱਚ ਕੁੱਝ ਭੇਦ ਰੱਖਿਆ ਗਿਆ ਹੈ।

ਇਸ ਦੀ ਗਵਾਹੀ ਸਭ ਤੋਂ ਪੁਰਾਣੇ 'ਸਿੱਖ ਰਹਿਤਨਾਮੇ' ਜਾਂ ਰਹਿਤ ਮਰਿਆਦਾ ਤੋਂ ਮਿਲਦੀ ਹੈ, ਜਿਸ ਨੂੰ ਭਾਈ ਦਇਆ ਸਿੰਘ ਰਹਿਤਨਾਮਾ ਕਿਹਾ ਜਾਂਦਾ ਹੈ। ਸਿੱਖ ਰਹਿਤ ਮਰਿਆਦਾ ਦੀ ਇਸ ਪੁਸਤਕ ਵਿੱਚ, ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦਇਆ ਸਿੰਘ ਜੀ ਨੂੰ ਦੱਸਿਆ ਹੈ ਕਿ ਸਿਰਫ ਕੁੱਝ ਸਿੱਖਾਂ ਨੂੰ ਪੜ੍ਹਨ ਅਤੇ ਲਿਖਣ ਦੀ ਇਜਾਜ਼ਤ ਹੋਵੇਗੀ ਅਤੇ ਕੁੱਝ ਨੂੰ ਨਹੀਂ। ਭਾਈ ਦਇਆ ਸਿੰਘ ਰਹਿਤਨਾਮਾ ਦਾ ਇਹ ਜ਼ਿਕਰ ਇਸ ਪ੍ਰਕਾਰ ਹੈ—

**ਬ੍ਰਾਹਮਣ ਨ ਪੜੇ ਤਾ ਬੁਰਾ, ਸ਼ੂਦਰ ਪੜੇ ਤਾ ਬੁਰਾ**

ਅਨੁਵਾਦ - ਬ੍ਰਾਹਮਣ ਬੁਰਾ ਹੈ ਜੇ ਉਹ ਨਹੀਂ ਪੜ੍ਹਦਾ, ਅਤੇ ਸ਼ੂਦਰ ਬੁਰਾ ਹੈ ਜੇ ਅਧਿਐਨ ਕਰਦਾ ਹੈ।

**(ਗੁਰੂ ਗੋਬਿੰਦ ਸਿੰਘ ਜੀ ਭਾਈ ਦਇਆ ਸਿੰਘ ਰਹਿਤਨਾਮਾ ਵਿੱਚ ਭਾਈ ਦਇਆ ਸਿੰਘ ਜੀ ਨੂੰ ਸੰਬੋਧਨ ਕਰਦੇ ਹੋਏ)**

ਇਸ ਲਈ ਉਸ ਸਮੇਂ ਦੀ ਮਰਿਆਦਾ ਅਨੁਸਾਰ ਭਾਈ ਮਨੀ ਸਿੰਘ ਜੀ ਨੂੰ, ਇੱਕ ਉਚਕੁਲੀਨ ਰਾਜਪੂਤ ਰਾਜਪਰਿਵਾਰ ਵਿੱਚੋਂ ਹੋਣ ਕਰਕੇ, ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੁਆਰਾ, ਸਿੱਖ ਧਰਮ ਨਾਲ ਸੰਬੰਧਿਤ ਸਾਰੇ ਧਰਮ ਗ੍ਰੰਥਾਂ ਅਤੇ ਕਿਤਾਬਾਂ ਦਾ ਅਧਿਐਨ ਕਰਨ ਅਤੇ ਲਿਖਣ ਦਾ ਕੰਮ ਸੌਂਪਿਆ ਗਿਆ ਸੀ।

ਦੀਵਾਨ ਮਨੀ ਸਿੰਘ ਜੀ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਦੇ 52 ਦਰਬਾਰੀ ਕਵੀਆਂ ਵਿੱਚ ਵੀ ਆਉਂਦਾ ਹੈ। ਗਿਆਨੀ ਸੰਪਰਦਾਵਾਂ ਵੀ ਆਪਣੀ ਸ਼ੁਰੂਆਤ ਦੀਵਾਨ ਮਨੀ ਸਿੰਘ ਜੀ ਤੋਂ ਹੀ ਮੰਨਦੀਆਂ ਹਨ।

ਦੀਵਾਨ ਮਨੀ ਸਿੰਘ ਜੀ ਦਾ ਵਿਸ਼ਾਲ ਸਾਹਿਤਕ ਯੋਗਦਾਨ ਇਸ ਪ੍ਰਕਾਰ ਹੈ—

1. ਗਿਆਨ ਰਤਨਾਵਲੀ (ਜਨਮਸਾਖੀ)।
2. ਭਗਤ ਰਤਨਾਵਲੀ (ਸਿੱਖਾਂ ਦੀ ਭਗਤ-ਮਾਲਾ)।
3. ਗੁਰਬਿਲਾਸ ਪਾ : ੬, (ਸਮਕਾਲੀਨ ਗੁਰ ਇਤਿਹਾਸ ਦਾ ਸਰੋਤ)।
4. ਉਥਾਨਿਕਾਵਾਂ (ਗੁਰਬਾਣੀ ਦੇ ਟੀਕਿਆਂ ਤੋਂ ਵੱਧ ਕੇ ਗੁਰਬਾਣੀ ਨੂੰ ਹੋਰ ਵਿਸਥਾਰ ਨਾਲ ਸਮਝਾਉਣ ਲਈ ਕੀਤੇ ਗਏ)।
5. ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ।
6. ਦਮਦਮੀ ਬੀੜ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਹ ਪਵਿੱਤਰ ਬੀੜ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ 1708 ਈ. ਵਿੱਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨਤਮਸਤਕ ਹੋ ਕੇ ਗੁਰਿਆਈ ਦੇ ਗਏ ਸਨ।
7. ਦਸਮ ਗ੍ਰੰਥ ਜੀ ਦੀ ਸੰਪਾਦਨਾ - ਇਸ ਬੀੜ ਦੀ ਸਮਾਪਤੀ 1712 ਈ ਵਿੱਚ ਹੋਈ। ਇਹ ਬੀੜ ਅਫ਼ਗਾਨਿਸਤਾਨ ਦੀ ਰਾਜਧਾਨੀ ਸ਼ਹਿਰ ਕਾਬਲ ਵਿੱਚ ਗੁਰਦੁਆਰਾ ਭਾਈ ਗੁਰਦਾਸ ਵਿਖੇ ਸਥਾਪਿਤ ਸੀ। ਇਸ ਦੇ ਕੁਲ ਪੱਤਰੇ 578 ਹਨ। 567 ਤੋਂ ਜੰਗਨਾਮਾ ਪਾਤਸ਼ਾਹੀ ਦਸਵੀਂ ਕਮਾਲੇ ਕਰਾਮਾਤ ਸ਼ੁਰੂ ਹੁੰਦਾ ਹੈ।
8. ਸ੍ਰੀ ਗੁਰੂ ਸ਼ਬਦ-ਸਿੱਧੀ (ਇਸ ਗ੍ਰੰਥ ਵਿੱਚ ਗੁਰਬਾਣੀ ਦੇ ਸ਼ਬਦਾਂ ਨੂੰ ਉਚਾਰਨ ਦੇ ਸਮਿਆਂ ਅਤੇ ਤਰੀਕਿਆਂ ਬਾਰੇ ਜ਼ਿਕਰ ਹੈ)।
9. ਜਪੁਜੀ ਸਾਹਿਬ ਦਾ ਟੀਕਾ।
10. ਮਾਤਾ ਸੁੰਦਰੀ ਜੀ ਨੂੰ ਲਿਖੀ ਇੱਕ ਚਿੱਠੀ (ਇਸਦੀ ਕਾਪੀ ਪਹਿਲੇ ਹਿੱਸਿਆਂ ਵਿੱਚ ਦਿੱਤੀ ਹੋਈ ਹੈ)।

❒

## ਅਧਿਆਇ 23

# ਵਿਰਾਸਤ

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਯਾਦ ਵਿੱਚ ਦੋ ਸ਼ਹੀਦ ਗੰਜ ਬਣਵਾਏ, ਇੱਕ ਨਖਾਸ ਚੌਂਕ ਲਾਹੌਰ ਵਿਖੇ ਅਤੇ ਇੱਕ ਆਪਣੇ ਲਾਹੌਰ ਦੇ ਕਿਲ੍ਹੇ ਤੋਂ ਕੁੱਝ ਗਜ਼ ਦੀ ਦੂਰੀ 'ਤੇ ਮਸਤੀ ਗੇਟ ਦੇ ਅੰਦਰ,ਨਖਾਸ ਚੌਂਕ ਵਿਖੇ ਅੱਜ ਖਾਲਸੇ ਦਾ ਦੋ ਮੰਜ਼ਿਲਾ ਗੁਰਦੁਆਰਾ ਅਸਥਾਨ ਖੜਾ ਹੈ ਜਿੱਥੇ ਦੀਵਾਨ ਮਨੀ ਸਿੰਘ ਜੀ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ਸੀ।




ਗੁਰਦੁਆਰਾ ਸ਼ਹੀਦ ਗੰਜ ਨਖਾਸ ਚੌਂਕ ਲਾਹੌਰ,
ਉਹ ਇਤਿਹਾਸਕ ਜਗ੍ਹਾ ਜਿਥੇ ਭਾਈ ਮਨੀ ਸਿੰਘ ਜੀ ਸ਼ਹੀਦ ਹੋਏ ਸਨ।

ਸ਼ਹੀਦ ਗੰਜ ਬੁੰਗਾ (ਮੁੱਖ ਇਮਾਰਤ) ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਬਣਵਾਈ ਸੀ ਅਤੇ ਵਿਹੜੇ ਵਿੱਚ ਖੂਹ ਖਾਲਸਾਈ ਸੰਗਤ ਨੇ ਬਣਵਾਇਆ ਸੀ।

ਇਸੇ ਤਰ੍ਹਾਂ ਦੂਜਾ ਸ਼ਹੀਦ ਗੰਜ, ਜਿਸ ਨੂੰ ਸ਼ਹੀਦ ਗੰਜ ਭਾਈ ਮਨੀ ਸਿੰਘ ਜੀ ਵੀ ਕਿਹਾ ਜਾਂਦਾ ਹੈ, ਬੇਗ਼ਮ ਸ਼ਾਹੀ ਮਸਜਿਦ (ਮਰੀਅਮ-ਉਜ-ਜ਼ਮਾਨੀ ਮਸਜਿਦ) ਦੇ ਕੁੱਝ ਹਿੱਸਿਆਂ ਨੂੰ ਬਦਲ ਕੇ ਬਣਾਇਆ ਗਿਆ ਸੀ।

ਖ਼ਾਲਸੇ ਦੇ 1799 ਵਿੱਚ ਲਾਹੌਰ ਦੇ ਕਿਲ੍ਹੇ ਉੱਤੇ ਕਬਜ਼ਾ ਕਰਨ ਤੋਂ ਬਾਅਦ, ਉਨ੍ਹਾਂ ਨੇ ਲਾਹੌਰ ਦੀਆਂ ਸਭ ਸੁੰਦਰ ਇਮਾਰਤਾਂ ਉੱਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿੱਚੋਂ ਇੱਕ ਸੀ ਲਾਹੌਰ ਦੀ ਸਭ ਤੋਂ ਖ਼ੂਬਸੂਰਤ ਇਮਾਰਤ ਮਰੀਅਮ ਉਜ ਜ਼ਮਾਨੀ ਮਸਜਿਦ। ਜਿਸ ਦੇ ਹਿੱਸਿਆਂ ਨੂੰ ਲਾਹੌਰ ਦੇ ਸਿੱਖ ਸ਼ਾਸਕ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਸ਼ਹੀਦ ਦੀਵਾਨ ਭਾਈ ਮਨੀ ਸਿੰਘ ਜੀ ਦੇ ਨਾਮ ਹੇਠ ਬਦਲ ਦਿੱਤਾ। ਇਸ ਦਾ ਨਾਮ ਉਨ੍ਹਾਂ ਨੇ ਸ਼ਹੀਦ ਗੰਜ ਭਾਈ ਮਨੀ ਸਿੰਘ ਰੱਖਿਆ।

ਇਹ ਹੇਠਾਂ ਦਿੱਤੀ ਤਸਵੀਰ ਵਿੱਚ ਵੇਖੀ ਜਾ ਸਕਦੀ ਹੈ।



ਗੁਰਦੁਆਰਾ ਸ਼ਹੀਦ ਗੰਜ ਭਾਈ ਮਨੀ ਸਿੰਘ ਜੀ

ਮਸਤੀ ਗੇਟ, ਲਾਹੌਰ ਕਿਲ੍ਹਾ

ਲਾਹੌਰ ਦੇ ਕਿਲ੍ਹੇ ਦੇ ਪ੍ਰਵੇਸ਼ ਦੁਆਰ ਤੋਂ ਸ਼ਹੀਦ ਗੰਜ ਭਾਈ ਮਨੀ ਸਿੰਘ ਜੀ ਦੀ ਨੇੜਤਾ ਦਰਸਾਉਂਦੀ ਹੈ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਕਿੰਨਾ ਸਤਿਕਾਰ ਕਰਦੇ ਸਨ। ਇਹ ਵੀ ਬਹੁਤ ਸੰਭਵ ਹੈ ਕਿ ਲਾਹੌਰ ਦੇ ਸਿੱਖ ਸ਼ਾਸਕ ਅਤੇ ਉਨ੍ਹਾਂ ਦਾ ਪਰਿਵਾਰ ਲਾਹੌਰ ਦੇ ਕਿਲ੍ਹੇ ਵਿੱਚ ਰਹਿੰਦੇ ਸਮੇਂ ਇਸ ਸਥਾਨ ਨੂੰ ਪਾਠ ਪੂਜਾ ਲਈ ਵਰਤਦੇ ਸਨ,ਕਿਉਂਕਿ ਇਹ ਜਗ੍ਹਾ ਮੁਗ਼ਲ ਸ਼ਾਹੀ ਪਰਿਵਾਰ ਦੁਆਰਾ ਵੀ ਇਬਾਦਤ ਲਈ ਵਰਤੀ ਜਾਂਦੀ ਸੀ।

ਹੋਰ ਕੋਈ ਇਤਿਹਾਸਕ ਗੁਰਦੁਆਰਾ ਨਹੀਂ ਹੈ ਜੋ ਲਾਹੌਰ ਦੇ ਕਿਲ੍ਹੇ ਦੇ ਇਨ੍ਹਾਂ ਨੇੜੇ ਹੋਵੇ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੁੱਖ ਰਾਣੀ ਵੀ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਮਹਾਨ ਪਰਿਵਾਰ ਵਿੱਚੋਂ ਸੀ।

1850 ਵਿੱਚ ਖਾਲਸਾ ਰਾਜ ਦੇ ਪਤਨ ਤੋਂ ਬਾਅਦ ਅੰਗ੍ਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਪ੍ਰਾਪਤ ਕਰਨ ਤੋਂ ਬਾਅਦ, ਬੇਗਮ ਸ਼ਾਹੀ ਮਸਜਿਦ ਅਤੇ ਸ਼ਹੀਦ ਗੰਜ ਭਾਈ ਮਨੀ ਸਿੰਘ ਦਾ ਵੱਡਾ ਹਿੱਸਾ, ਲਾਹੌਰ ਦੇ ਮੁਸਲਮਾਨਾਂ ਨੂੰ ਸੌਂਪ ਦਿੱਤਾ ਅਤੇ ਕੁੱਝ ਹਿੱਸਾ ਸਿੱਖਾਂ ਨੂੰ ਦਿੱਤਾ ਗਿਆ ਸੀ ਜਿੱਥੇ ਸਿੱਖਾਂ ਦੇ ਮਹੰਤ (ਪੁਜਾਰੀ) ਹੁੰਦੇ ਸਨ, ਜੋ 1927 ਤੱਕ ਸਾਰੀਆਂ ਸਿੱਖ ਧਾਰਮਿਕ ਗਤੀਵਿਧੀਆਂ ਕਰਿਆ ਕਰਦੇ ਸਨ।

ਮਹੰਤਾਂ ਕੋਲੋਂ ਇਹ ਗੁਰਦੁਆਰਾ ਸ਼ਹੀਦ ਗੰਜ ਭਾਈ ਮਨੀ ਸਿੰਘ 1927 ਵਿੱਚ ਸ਼੍ਰੋਮਣੀ ਕਮੇਟੀ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ 1947 ਤਕ ਇਹਨਾਂ ਦੇ ਅਧੀਨ ਰਿਹਾ। ਇਮਾਰਤ ਦਾ ਗੁਰਦੁਆਰਾ ਵਾਲਾ ਹਿੱਸਾ ਲਗਭਗ ਖ਼ਤਮ ਹੋ ਰਿਹਾ ਹੈ ਜਿਸ ਨੂੰ ਸਰਕਾਰ ਨੇ ਸੁਰੱਖਿਅਤ ਜਾਇਦਾਦ ਵਜੋਂ ਘੋਸ਼ਿਤ ਨਹੀਂ ਕੀਤਾ। ਇਮਾਰਤ ਦਾ ਸਿਰਫ ਮਸਜਿਦ ਵਾਲਾ ਹਿੱਸਾ ਹੀ ਬਚਿਆ ਹੈ ਜੋ ਬ੍ਰਿਟਿਸ਼ ਸਰਕਾਰ ਨੇ ਲਾਹੌਰ ਦੇ ਮੁਸਲਮਾਨਾਂ ਦੇ ਨਾਮ ਤੇ ਬਹਾਲ ਕਰ ਦਿੱਤਾ ਸੀ।



ਸ਼ਹੀਦ ਗੰਜ ਭਾਈ ਮਨੀ ਸਿੰਘ ਜੀ

ਪਹਿਲਾਂ ਦੱਸਣ ਮੁਤਾਬਕ ਸ਼ਹੀਦ ਦੀਵਾਨ ਮਨੀ ਸਿੰਘ ਜੀ ਅਤੇ ਉਨ੍ਹਾਂ ਦੇ ਕੁੰਵਰਾਂ ਨੇ ਲਾਹੌਰ ਸ਼ਹਿਰ ਨਾਲ ਪਿੰਡ ਕਾਨ੍ਹਾ ਕਾਛਾ ਦੀ ਸਥਾਪਨਾ ਕੀਤੀ ਸੀ ਜਿੱਥੇ ਮਹਾਨ ਮਹਾਰਾਜਾ ਜੈ ਸਿੰਘ ਕਾਨ੍ਹਈਆ (ਜਿਸ ਨੂੰ ਕਾਨ੍ਹਾ ਕਾਛੇ ਦਾ ਜੈ ਸਿੰਘ ਲਿਖਿਆ ਮਿਲਦਾ ਹੈ) ਦਾ ਜਨਮ ਉਨ੍ਹਾਂ ਦੇ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਨੇ ਸ਼ਕਤੀਸ਼ਾਲੀ ਕਾਨ੍ਹਈਆ ਮਿਸਲ ਦੀ ਸਥਾਪਨਾ ਕੀਤੀ ਜਿਸ ਨੇ 1810 ਤੱਕ ਪੰਜਾਬ ਦੇ ਸਾਰੇ ਮੌਜੂਦਾ ਮਾਝੇ ਖੇਤਰ ਉੱਤੇ ਰਾਜ ਕੀਤਾ। ਫਤਹਿਗੜ੍ਹ ਚੂੜੀਆਂ ਕਾਨ੍ਹਈਆ ਮਿਸਲ ਦੀ ਰਾਜਧਾਨੀ ਸੀ। ਅੱਜ ਤੱਕ ਫਤਹਿਗੜ੍ਹ ਚੂੜੀਆਂ ਅਤੇ ਆਸ ਪਾਸ ਦੇ ਪਿੰਡਾਂ ਵਿੱਚ ਬਹੁਤ ਸਾਰੇ ਪੰਵਾਰ/ਪਵਾਰ ਸਰਦਾਰ ਵੱਸੇ ਹੋਏ ਹਨ। ਇੰਨ੍ਹਾਂ ਤੋਂ ਇਲਾਵਾ ਕਾਨ੍ਹਾ ਕਾਛਾ ਪਿੰਡ ਦਾ ਸਰਦਾਰ ਅਮਰੀਕ ਸਿੰਘ ਪੰਵਾਰ ਖਾਲਸੇ ਰਾਜ ਸਮੇਂ ਪ੍ਰਸਿੱਧ ਜਰਨੈਲ ਸੀ। ਲਾਹੌਰ ਦੇ ਦਰਬਾਰੀ ਰਿਕਾਰਡ ਵਿੱਚ ਇੰਦਰਾਜ ਹਨ ਕਿ ਕਾਨ੍ਹਾ ਕਾਛਾ ਦੇ ਸਰਦਾਰ ਅਮਰੀਕ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ, ਖਾਲਸਾ ਰਾਜ ਦੌਰਾਨ ਸਿੱਖ ਸਰਦਾਰਾਂ ਵਿੱਚਕਾਰ ਚਲਦੀ ਆਪਸੀ ਲੜਾਈ

ਰੁਕ ਗਈ ਸੀ। ਦੀਵਾਨ ਮਨੀ ਸਿੰਘ ਜੀ ਦੇ ਵੰਸ਼ਜ ਜੋ ਕਾਨ੍ਹਾ ਕਾਛਾ ਵਿੱਚ ਹੀ ਰਹੇ, ਉਹ 1947 ਤੋਂ ਬਾਅਦ ਰਾਜਪੁਰੇ ਲਾਗੇ ਦੇ ਪਿੰਡ ਸੂਹਰੋਂ ਵਿੱਚ ਆਣ ਬੈਠੇ। ਦੀਵਾਨ ਮਨੀ ਸਿੰਘ ਜੀ ਦੇ ਕੁਝ ਵੰਸ਼ਜ ਮਾਝੇ ਤੋਂ ਚਲ ਰਾਜਾ ਅਜੀਤ ਸਿੰਘ ਜੀ ਲਾਡਵਾ ਡੱਲੇਵਾਲੀਆ ਦੇ ਨਾਲ ਦਰਬਾਰੀ ਜਗੀਰਦਾਰ ਵਜੋਂ ਵੀ ਰਹੇ, ਜੋ ਡੱਲੇਵਾਲੀਆ ਮਿਸਲ ਉੱਤੇ ਅੰਗਰੇਜ਼ਾਂ ਦੇ ਹਮਲੇ ਦੌਰਾਨ ਸ਼ਹੀਦੀਆਂ ਪਾ ਗਏ।

❒

## REFERENCES (ਹਵਾਲੇ)


1. Census of India, 1901

2. Sri Suraj Prakash Granth, Bhai Santokh Singh

3. Shahid Bilas Bhai Mani Singh, Bhatt Sewa Singh

4. Nainsi Ri Khyat - Muhnot Nainsi

5. Kaliyug Raj Vritaanta

6. The Plot in Indian Chronology by Pandit Kota Venkatchalam

7. Sathirawali, Merutunga

8. Rig Veda

9. Bhagwada Purana

10. Kshatriya Vanshavali

11. Umdat-ut-Twarikh, Sohan Lal Suri

12. On the political relations existing between the British government and the native states, 1843

13. Tazkirat-Al-Umra, 1820, James Skinner

14. History of Sikhs Vol IV, The Sikh Commonwealth, Rise and fall of Sikh Misls, Hari Ram Gupta

15. The Panjab Chiefs, Lepel Griffin

16. Bhai Desa Singh Rehatnama

17. Singh Sagar Granth, Bhai vir Singh Bal, 1827

18. Maharana Sanga, Har Bilas Sarda

19. Guru kian Sakhian, Bhatt Sarup Singh

20. Gur Pad Prem Prakash, Sumer Singh

21. Founder of the Khalsa : The Life and times of Guru Gobind Singh, Amardeep S. Dahiya

22. Maasir-i-Alamgiri, Saqi Mustad Khan, Translated by J.N. Sarkar

23. Gurbilas Patshahi 10, Kuir Singh

24. Bhai Daya Singh Rehatnama

25. Sri Dasam Granth Sahib

26. Guru Gobind Singh Ji de Darbari Ratan, Piara Singh Padam

27. Sikhs in the Eighteenth Century, Surjit Singh Gandhi

❒

An ISO 9001:2008 Certified Publishing House
No. 101809-A01
Estd. 1880

Follow us on:
www.facebook.com/csjsamritsar

ISBN 938883653-7
9 789388 836531